ਦੁੱਧ ਵਿਚ ਕਾਂਜੀ:

ਠੇਠ ਪੰਜਾਬੀ ਦੇ ਹੱਕ ਵਿਚ ਹਾਅ ਦਾ ਨਾਅਰਾ

ਰਜਨੀ ਬਾਲਾ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ

ਅਮਰਜੀਤ ਚੰਦਨ ਪੰਜਾਬੀ ਦਾ ਨਾਮਵਰ ਕਵੀ, ਜ਼ਹੀਨ ਵਾਰਤਕਕਾਰ ਤੇ ਸੰਪਾਦਕ ਹੈ। ਉਹ ਪੰਜਾਬੀ ਭਾਸ਼ਾ ਤੇ ਪੰਜਾਬੀਅਤ ਦਾ ਮੁਦੱਈ ਹੈ ਜੋ ਦੁਰਲੱਭ ਰਚਨਾਵਾਂ ਦੇ ਅਵਸ਼ੇਸ਼ ਰੂਪਾਂ ਨੂੰ ਲੱਭ ਕੇ ਸੰਪਾਦਤ ਕਰਕੇ ਪਾਠਕਾਂ ਤੇ ਖੋਜੀਆਂ ਲਈ ਮੁਹੱਈਆ ਕਰਦਾ ਆ ਰਿਹਾ ਹੈ। ਪੰਜਾਬੀ ਸਾਹਿਤ ਵਿਚ ਉਹ ਬਹੁਤ ਹੀ ਵਿਰਲੇ ਵਿਦਵਾਨਾਂ ਵਿੱਚੋਂ ਹੈ ਜੋ ਆਪਣੀ ਖੋਜੀ ਬਿਰਤੀ ਤੇ ਵੱਖਰੀ ਸ਼ੈਲੀ ਵਜੋਂ ਜਾਣਿਆ ਜਾਂਦਾ ਹੈ। ਹਥਲੇ ਖੋਜ-ਪੱਤਰ ਵਿਚ ਉਸ ਦੀ ਪੁਸਤਕ 'ਦੁੱਧ ਵਿਚ ਕਾਂਜੀ: ਪੰਜਾਬੀ ਦਾ ਸੱਤਿਆਨਾਸ' ਨੂੰ ਵਿਚਾਰ-ਚਰਚਾ ਦਾ ਆਧਾਰ ਬਣਾਇਆ ਗਿਆ ਹੈ।

ਅਮਰਜੀਤ ਚੰਦਨ ਦੀ ਕਿਤਾਬ 'ਦੁੱਧ ਵਿੱਚ ਕਾਂਜੀ: ਪੰਜਾਬੀ ਦਾ ਸੱਤਿਆਨਾਸ' ਨੂੰ ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ ਨੇ 2024 ਵਿਚ ਛਾਪਿਆ । ਉਸ ਦੇ ਸਿਰਲੇਖ 'ਦੁੱਧ ਵਿੱਚ ਕਾਂਜੀ' ਅਨੁਸਾਰ ਜੇ ਪੰਜਾਬੀ ਦਾ ਠੇਠ ਰੂਪ 'ਦੁੱਧ' ਹੈ ਤਾਂ ਇਸ ਦਾ ਵਿਗਾੜ 'ਕਾਂਜੀ' ਹੈ । ਪੰਜਾਬੀ ਭਾਸ਼ਾ ਦੇ ਠੇਠ ਰੂਪ ਨੂੰ ਵਿਗਾੜਨ ਦਾ ਦੋਸ਼, ਉਸ ਨੇ ਲਿਖਾਰੀਆਂ, ਭਾਸ਼ਾ ਵਿਗਿਆਨੀਆਂ, ਪ੍ਰੋਫੈਸਰਾਂ ਤੇ ਪੱਤਰਕਾਰਾਂ ਸਿਰ ਮੜ੍ਹਿਆ ਹੈ। ਪੰਜਾਬੀ ਬੋਲੀ ਦੇ ਠੇਠ ਮੁਹਾਵਰੇ ਬਾਰੇ ਗੰਭੀਰ ਚਰਚਾ ਕਰਦੀ ਇਹ ਕਿਤਾਬ ਪਾਠਕ ਨੂੰ ਪੰਜਾਬੀ ਬੋਲੀ ਵਿਚ ਪਏ ਬੇਲੋੜੇ ਵਿਗਾੜ ਬਾਰੇ ਚੇਤੰਨ ਕਰਦੀ ਹੈ। ਇਸ ਕਿਤਾਬ ਅੰਦਰ ਚਾਰ ਪ੍ਰਮੁੱਖ ਨੁਕਤਿਆਂ ਦੁਆਲੇ ਚਰਚਾ ਸਮੇਟੀ ਹੋਈ ਹੈ। ਸਭ ਤੋਂ ਪਹਿਲਾ ਨੁਕਤਾ ਪੰਜਾਬੀ ਸ਼ਬਦਾਵਲੀ ਤੇ ਅੱਖਰਜੋੜਾਂ ਬਾਰੇ, ਦੂਜਾ ਪੰਜਾਬੀ ਵਿਆਕਰਣ ਬਾਰੇ, ਤੀਜਾ ਦੂਜੀਆਂ ਬੋਲੀਆਂ ਦੇ ਸ਼ਬਦਾਂ ਦੇ ਪ੍ਰਭਾਵ ਬਾਰੇ ਤੇ ਚੌਥਾ ਲਿਪੀ ਬਾਰੇ ਨੁਕਤੇ ਉਭਾਰੇ ਗਏ ਹਨ। ਇਸ ਕਿਤਾਬ ਨਾਲ ਉਸ ਨੇ ਠੇਠ ਪੰਜਾਬੀ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਹੈ ਜਿਵੇਂ ਕਦੇ ਪਾਣਿਨੀ ਦੇ ਸਮਕਾਲੀ ਵਿਦਵਾਨਾਂ ਨੇ ਲੌਕਿਕ ਭਾਸ਼ਾ ਦੇ ਹੱਕ ਵਿੱਚ ਮਾਰਿਆ ਹੋਵੇਗਾ ਤੇ ਜਿਸ ਦੇ ਸਿੱਟੇ ਵਜੋਂ ਇਸ ਨੂੰ ਸੰਵਾਰ ਕੇ ਹੀ ਇਹਦਾ ਨਾਂ ਸੰਸਕ੍ਰਿਤ ਪਾਇਆ ਗਿਆ। 'ਦੁੱਧ ਵਿਚ ਕਾਂਜੀ' ਕਿਤਾਬ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਅਕਾਦਮਿਕਤਾ ਤੇ ਵਿਦਵਤਾ ਦੀ ਭਾਸ਼ਾ ਸੁਲਝੀ ਹੋਣੀ ਚਾਹੀਦੀ ਹੈ ਤੇ ਪੇਸ਼ ਕੀਤਾ ਵਿਚਾਰ ਖਿਲਰਨਾ ਨਹੀਂ ਚਾਹੀਦਾ, ਅੱਖਰਜੋੜਾਂ ਦਾ ਕੋਈ ਸਮੂਹ ਪ੍ਰਵਾਨਤ ਮਿਆਰੀ ਰੂਪ ਸਥਾਪਤ ਹੋਣਾ ਅਤਿ ਜ਼ਰੂਰੀ ਹੈ, ਪਰ ਕਿਤਾਬਾਂ, ਰਸਾਲਿਆਂ, ਅਖ਼ਬਾਰਾਂ ਨੇ ਵੀ ਭਾਸ਼ਾ ਦਾ ਮਿਆਰੀ ਰੂਪ ਕਾਇਮ ਕਰਨ ਵਿਚ ਯੋਗ ਹਿੱਸਾ ਪਾਉਣਾ ਹੁੰਦਾ ਹੈ। ਚੰਦਨ ਲਿਖਦਾ ਹੈ, "ਕੋਈ ਵੀ ਬੋਲੀ ਨਿਰੋਲ 'ਨਖਾਲਸ' ਨਹੀਂ ਹੁੰਦੀ। ਪਰ ਲੇਖਕਾਂ, ਪੱਤਰਕਾਰਾਂ ਤੇ ਉਸਤਾਦਾਂ ਦਾ ਕੰਮ ਬੋਲੀ ਦੀ ਰਾਖੀ ਕਰਨਾ

ਹੁੰਦਾ ਹੈ; ਨਾ ਕਿ ਇਹਦਾ ਸੱਤਿਆਨਾਸ ਕਰਨਾ। "[1] ਇਸ ਜ਼ਿੰਮੇਵਾਰੀ ਨੂੰ ਸਮਝਦਿਆਂ ਪੱਤਰਕਾਰਾਂ ਤੇ ਸੰਪਾਦਕਾਂ ਨੂੰ ਸ਼ਬਦ ਤੇ ਵਾਕ ਦੇ ਢਾਂਚੇ ਦੀ ਬੁਨਿਆਦੀ ਸਮਝ ਹੋਣੀ ਚਾਹੀਦੀ ਹੈ।

ਬੋਲੀ ਦੇ ਗੁਆਚਣ ਜਾਂ ਸੱਤਿਆਨਾਸ ਜਾਂ ਭ੍ਰਿਸ਼ਟ ਹੋਣ ਦਾ ਤੌਖਲਾ ਹਮੇਸ਼ਾ ਤੋਂ ਬਣਿਆ ਆਇਆ ਹੈ ਪਰ ਚੰਦਨ ਜਿਹਾ ਵਿਦਵਾਨ ਤੇ ਦੂਰ- ਦ੍ਰਿਸ਼ਟੀ ਰੱਖਣ ਵਾਲਾ ਖੋਜੀ ਕੇਵਲ ਬੋਲੀ ਦੇ ਦਰੁੱਸਤ ਹੋ ਜਾਣ ਦੀ ਗੁਹਾਰ ਹੀ ਨਹੀਂ ਲਗਾਉਂਦਾ ਸਗੋਂ ਸਾਵਧਾਨ ਵੀ ਕਰਦਾ ਹੈ। ਉਹ ਪੁਰਾਣੀਆਂ ਗ਼ਲਤੀਆਂ ਦੇ ਨਮੂਨੇ ਦੇ ਕੇ ਉਨ੍ਹਾਂ ਤੋਂ ਸਿੱਖਣ ਲਈ ਹੀ ਨਹੀਂ ਕਹਿੰਦਾ ਬਲਕਿ ਏਨਾ ਕੁ ਝਿੜਕ ਦਿੰਦਾ ਹੈ ਕਿ ਹੁਣ ਬੋਲਦਿਆਂ ਤੇ ਲਿਖਦਿਆਂ ਚੰਦਨ ਵਿਚਕਾਰ ਆ ਖੜਦਾ ਹੈ ਤੇ ਗ਼ਲਤੀਆਂ ਤੋਂ ਵਰਜਦਾ ਹੈ। ਉਸ ਦੀ ਰੂਹ ਪੰਜਾਬੀ ਮੁਹਾਵਰੇ ਦੇ ਹੇਰਵੇ ਨੂੰ ਭੋਗ ਰਹੀ ਜਾਪਦੀ ਹੈ। ਇਸ ਹੇਰਵੇ ਤੋਂ ਬਚਣ ਲਈ ਹਰ ਭਾਸ਼ਾ ਪ੍ਰੇਮੀ ਦਾ ਹੱਕ ਹੈ ਕਿ ਉਹ ਜਤਾ ਸਕੇ, ਉਸ ਦਾ ਦਰਦ ਕੀ ਹੈ? ਚੰਦਨ ਦਾ ਦੁੱਖ ਸਾਫ਼ ਝਲਕਦਾ ਹੈ, " ਪੰਜਾਬੀ ਦਾ ਸਰੂਪ ਮੇਰੇ ਦੇਖਦਿਆਂ-ਦੇਖਦਿਆਂ ਪਿਛਲੇ ਵੀਹਾਂ-ਕੁ ਸਾਲਾਂ 'ਚ ਏਨਾ ਬਦਲ ਗਿਆ ਹੈ ਕਿ ਇਹ ਹੁਣ ਸਿਆਣੀ ਨਹੀਂ ਜਾਂਦੀ। "[2] ਪੰਜਾਬੀ ਹੋਣ ਨਾਤੇ, ਪੰਜਾਬੀ ਭਾਸ਼ਾ ਦੀ ਪਛਾਣ ਨੂੰ ਮੁੜ ਸੁਰਜੀਤ ਕਰਨ ਤੇ ਨਵੇਂ ਦੌਰ ਵਿਚ ਹੋਰ ਨਿਖਾਰਨ ਬਾਰੇ ਪੰਜਾਬੀਆਂ ਤੋਂ ਆਸ ਰੱਖਣ ਦਾ ਉਸ ਦਾ ਹੱਕ ਹੈ। ਚੰਦਨ ਨੇ ਗੰਭੀਰ ਨੁਕਤਿਆਂ 'ਤੇ ਉਂਗਲ ਰੱਖੀ ਹੈ, ਝੰਜੋੜਿਆ ਹੈ ਤੇ ਰਾਹੇ ਪਾਇਆ ਹੈ। ਇਹ ਕਿਤਾਬ ਬੋਲੀ ਨੂੰ ਹੋਰ ਵਿਗੜਨ ਤੋਂ ਬਚਾਉਣ ਲਈ ਅੱਖਰਜੋੜਾਂ ਅਤੇ ਵਿਆਕਰਨ ਦੇ ਨਿਯਮਾਂ ਦੀ ਪੱਕੀ ਪ੍ਰਵਾਨਤ ਸਥਾਪਨਾ ਦੀ ਦੁਹਾਈ ਦੇ ਰਹੀ ਹੈ। ਪੰਜਾਬੀ ਬੰਦਾ ਦੂਜੀਆਂ ਬੋਲੀਆਂ ਦੇ ਅਸਰ ਹੇਠ ਰੀਸੋ-ਰੀਸੀ ਪੰਜਾਬੀ ਦਾ ਨੁਕਸਾਨ ਕਰ ਰਿਹਾ ਹੈ। ਬੋਲ ਪੱਧਰ 'ਤੇ ਹੀ ਨਹੀਂ ਲਿਖਤ ਪੱਧਰ 'ਤੇ ਵੀ ਠੇਠ ਪੰਜਾਬੀ ਮੁਹਾਵਰਾ ਬਦਲਦਾ ਜਾ ਰਿਹਾ ਹੈ। ਉਸ ਨੇ ਇਸ ਪੁਸਤਕ ਦੀ ਆਦਿਕਾ ਵਿਚ ਕੁਝ ਚਿੰਤਕਾਂ ਦੀਆਂ ਮਾਂ-ਬੋਲੀ ਦੇ ਮਹੱਤਵ ਲਈ ਦਿੱਤੀਆਂ ਪਰਿਭਾਸ਼ਾਵਾਂ ਦਰਜ ਕੀਤੀਆਂ ਹਨ ਜਿਸ ਵਿਚੋਂ ਇਕ ਇੱਥੇ ਦੇਣਾ ਯੋਗ ਹੈ ਤਾਂ ਜੋ ਉਸ ਦੀ ਭਾਵਨਾ ਨੂੰ ਸਮਝਿਆ ਜਾ ਸਕੇ, " The duties of a writer as a writer and a citizen are not the same. The only duty a writer has as a citizen is to defend language. And this is a *political* duty. Because, if language is corrupted, thought is corrupted."[3] ਚੰਦਨ ਵਿਚਾਰ ਨੂੰ ਭ੍ਰਸ਼ਟ ਹੋਣ ਤੋਂ ਬਚਾਉਣ ਲਈ ਫਿਕਰਮੰਦ ਹੈ, ਜਿਸ ਦਾ ਆਧਾਰ ਬੋਲੀ ਹੈ, ਇਹੀ ਚੰਦਨ ਦਾ ਸੱਚਾ-ਸੁੱਚਾ ਜਜ਼ਬਾ ਹੈ। ਬੋਲੀ ਦੇ ਬਦਲਣ ਦੇ ਕੁਦਰਤੀ ਵਿਹਾਰ ਨਾਲ਼ ਉਹ ਸਹਿਮਤ ਹੈ ਪਰ ਉਹ ਬੋਲੀ ਦੀ ਸਿਆਸਤ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਉਹ ਆਖਦਾ ਹੈ ਕਿ ਵੱਡੀ ਬੋਲੀ ਛੋਟੀ ਬੋਲੀ ਨੂੰ ਖਾਂਦੀ ਆਈ ਹੈ। ਪੰਜਾਬੀ ਬੋਲੀ ਉੱਤੇ ਬਸਤੀਵਾਦੀ ਸੋਚ ਦਾ ਏਨਾ ਅਸਰ ਪਿਆ ਕਿ ਪੰਜਾਬੀ ਨੂੰ ਧਰਮਾਂ-ਜਾਤਾਂ ਵਿੱਚ ਵੰਡ ਕੇ ਦੇਖਿਆ ਜਾਣ ਲੱਗਿਆ। ਚੰਦਨ ਨੂੰ ਅੰਗਰੇਜ਼ੀ ਕਿਸੇ ਟਿੱਡੀ ਦਲ ਵਾਂਗ ਜਾਪਦੀ ਹੈ, ਜਿਸ ਨੇ ਰਹਿੰਦੀ-ਖੂੰਹਦੀ ਪੰਜਾਬੀ ਵੀ ਚੱਟ ਜਾਣੀ ਹੈ। ਉਸ ਨੂੰ ਫ਼ਿਕਰ ਹੈ ਕਿ ਇੱਕ-ਦੋ ਪੁਸ਼ਤਾਂ ਬਾਅਦ ਗੁਰਮੁਖੀ ਵਿੱਚ ਲਿਖਣ ਵਾਲਾ ਸ਼ਾਇਦ ਹੀ ਕੋਈ ਲੇਖਕ ਬਚੇਗਾ।

ਯੂਨੈਸਕੋ ਨੇ ਆਪਣੀ ਰਿਪੋਰਟ ਵਿਚ ਦੁਨੀਆ ਭਰ ਦੀਆਂ ਕਈ ਬੋਲੀਆਂ ਦੇ ਖ਼ਤਮ ਹੋ ਜਾਣ ਦੀ ਗੱਲ ਕੀਤੀ ਹੈ, ਕਈ ਭਾਸ਼ਾ ਵਿਗਿਆਨੀਆਂ ਨੇ ਆਪੋ ਆਪਣੀ ਭਾਸ਼ਾ ਦੇ ਰੱਖ-ਰਖਾਵ ਦਾ ਫ਼ਿਕਰ ਆਰੰਭਿਆ ਹੈ। ਇਸ ਲਈ ਬੋਲੀ ਦੇ ਮਹੱਤਵ ਦੀ ਪਛਾਣ ਕਰਨ ਜੋਗੀ ਸੰਵੇਦਨਾ ਬਹੁਤ ਜ਼ਰੂਰੀ ਹੈ, ਚੰਦਨ ਦੀ ਇਹ ਕਿਤਾਬ ਇਸੇ ਪੱਖ ਤੋਂ ਭਾਸ਼ਾ ਦੇ ਨਿਘਾਰ ਦੇ ਕਾਰਨਾਂ ਅਤੇ ਦੋਸ਼ੀਆਂ ਨੂੰ ਲੱਭਦੀ ਹੈ। ਚੰਦਨ ਦਾ ਫ਼ਿਕਰ ਬੋਲੀ ਦੇ ਸ਼ੁੱਧ ਉਚਾਰਨ ਅਤੇ ਲਿਖਤ ਦਾ ਹੈ, ਤਾਂ ਜੋ ਇਸ ਬੋਲੀ ਵਿਚਲੀ ਸੱਚੀ-ਸੁੱਚੀ ਮਹਿਕ ਕਿਧਰੇ ਗਾਇਬ ਨਾ ਹੋ ਜਾਵੇ ਤੇ ਇਸ ਵਿਚ ਵੀ ਡੂੰਘੇ ਫ਼ਲਸਫ਼ਿਆਂ ਦੀ ਰੀਤ ਬਣ ਸਕੇ। ਲਿਪੀ ਦੀ ਜ਼ਿਆਦਾ ਚਿੰਤਾ ਇਸ ਲਈ ਹੈ, ਕਿਉਂਕਿ ਲਿਪੀ ਭਾਸ਼ਾ ਨੂੰ ਸੁਰੱਖਿਅਤ(preserve) ਰੱਖਦੀ ਹੈ, ਜਿਸ ਵਿਚ ਫ਼ਲਸਫ਼ੇ ਸਮੋਏ ਹੁੰਦੇ ਹਨ। ਲਿਪੀ ਦੀ ਗੋਦੀ ਵਿਚ ਹੀ ਭਾਸ਼ਾ ਅੱਗੇ ਦੀ ਅੱਗੇ ਪੀੜ੍ਹੀਆਂ ਤੱਕ ਪਹੁੰਚਦੀ ਹੈ। ਇਸ ਲਈ ਭਾਸ਼ਾ ਦੇ ਨਾਲ਼-ਨਾਲ਼ ਉਸ ਅੰਦਰਲਾ ਫ਼ਲਸਫ਼ਾ ਵੀ ਖ਼ਤਰੇ ਵਿਚ ਹੁੰਦਾ ਹੈ। ਇਥੇ ਮੈਂ ਇਸ ਸਾਰੀ ਡਿਬੇਟ ਦੇ ਪ੍ਰਸੰਗ ਵਿੱਚ ਅੱਖਰ ਦੀ ਮੂਲ ਜਾਣਕਾਰੀ ਦੇਣ ਵਾਲੇ 'ਕਾਇਦੇ' ਦੇ ਸਰੂਪ ਉਤੇ ਧਿਆਨ ਕੇਂਦਰਤ ਕਰਵਾਉਣਾ ਚਾਹੁੰਦੀ ਹਾਂ। ਪੰਜਾਬੀ ਯੂਨੀਵਰਸਿਟੀ ਤੋਂ ਛਪੇ ਪੰਜਾਬੀ ਦੇ ਵੱਡੇ-ਵੱਡੇ ਕਾਇਦਿਆਂ ਵਿੱਚ ਜੋ ਗ਼ਲਤੀਆਂ ਹਨ, ਉਹਨਾਂ ਦੇ ਆਧਾਰ 'ਤੇ ਪੈਦਾ ਹੋਣ ਵਾਲਾ ਨਵਾਂ ਪੰਜਾਬੀ ਸਮੂਹ ਸਹਿਜੇ ਹੀ ਗ਼ਲਤੀਆਂ ਸਮੇਤ ਪੰਜਾਬੀ ਸਾਹਿਤ ਨਾਲ ਨਿਭੇਗਾ। ਸੋ ਇਸ ਪੱਖੋਂ ਬਹੁਤ ਗੰਭੀਰ ਹੋਣ ਦੀ ਸਮਝ ਪੈਦਾ ਹੁੰਦੀ ਹੈ। ਪੰਜਾਬੀ ਦੀ ਸਿਖਲਾਈ ਦੇਣ ਵਾਲੀਆਂ ਵੈੱਬ-ਕਲਾਸਿਜ਼ 'ਤੇ ਵੀ ਅੱਖ ਰੱਖਣ ਦੀ ਲੋੜ ਹੈ। ਚੰਦਨ ਦੇ ਹਵਾਲੇ ਨਾਲ਼ ਇਹ ਪੱਖ ਹੋਰ ਸਪਸ਼ਟ ਹੁੰਦਾ ਹੈ, " ਬੱਚਾ ਚੰਗੀ ਮਾੜੀ ਜਿਹੋ-ਜਿਹੀ ਵੀ ਪੰਜਾਬੀ ਸਕੂਲ ਵਿੱਚ ਸਿੱਖਦਾ ਹੈ, ਓਹੀ ਵੱਡਿਆਂ ਹੋ ਕੇ ਲਿਖਦਾ ਹੈ। ਉਹ ਪੜ੍ਹਦਾ ਤਾਂ ਉਹੀ ਕੁਝ ਹੈ, ਜੋ ਉਹਨੂੰ ਪੜ੍ਹਾਇਆ ਜਾਂਦਾ ਹੈ। ਪੜ੍ਹਾਉਣ ਵਾਲ਼ੇ ਕੀਹਦੇ ਪੜ੍ਹਾਏ ਹੁੰਦੇ ਹਨ? ਅੱਧੋਪੜ੍ਹੇ ਮਾਸਟਰਾਂ ਦੇ। "[4]

ਅੰਗਰੇਜ਼ੀ ਵਾਂਗ ਸੰਸਕ੍ਰਿਤ ਸ਼ਬਦਾਵਲੀ ਦੀ ਬੇਲੋੜੀ ਵਰਤੋਂ ਵੀ ਇਸ ਕਿਤਾਬ ਦਾ ਅਹਿਮ ਨੁਕਤਾ ਹੈ। ਸੰਸਕ੍ਰਿਤ ਸ਼ਬਦਾਵਲੀ ਦੀ ਵਰਤੋਂ ਦਾ ਇਹ ਅਮਲ 1920 ਦੇ ਦਹਾਕੇ ਤੋਂ ਹੀ ਸ਼ੁਰੂ ਹੋ ਜਾਣ ਬਾਰੇ ਦੱਸਿਆ ਹੈ। ਉਸ ਸਮੇਂ ਯੂਰਪ ਦਾ ਫ਼ਲਸਫ਼ਾ ਪੰਜਾਬੀ ਬੋਲੀ ਵਿਚ ਪਰਤਾਇਆ ਜਾਣ ਲੱਗਿਆ ਸੀ। ਚੰਦਨ ਨੇ ਪੰਜਾਬੀ ਸਾਹਿਤਕਾਰਾਂ ਦੇ ਮੁਕਾਬਲੇ ਪੰਜਾਬੀ ਸਾਹਿਤ ਆਲੋਚਕਾਂ ਨੂੰ 1950 ਤੋਂ ਬਾਅਦ ਦੀ ਪੰਜਾਬੀ ਵਿੱਚ ਅੰਗਰੇਜ਼ੀ ਦੀ ਵਿਆਕਰਨ ਤੇ ਸੰਸਕ੍ਰਿਤ ਸ਼ਬਦਾਵਲੀ ਘੁਸੇੜਨ ਦਾ ਜ਼ਿੰਮੇਵਾਰ ਠਹਿਰਾਇਆ ਹੈ। ਸੰਤਾਲੀ ਦੀ ਵੰਡ ਤੋਂ ਬਾਅਦ ਜਦੋਂ ਅਰਬੀ-ਫ਼ਾਰਸੀ ਸ਼ਬਦਾਵਲੀ ਦਾ ਅਸਰ ਘਟਣ ਲੱਗਿਆ ਤਾਂ ਵਿਦਵਤਾ ਦਾ ਪ੍ਰਭਾਵ ਸਿਰਜਣ ਦੀ ਹੋੜ ਵਿਚ ਸੰਸਕ੍ਰਿਤ ਸ਼ਬਦਾਵਲੀ ਦਾ ਚਲਣ ਸ਼ੁਰੂ ਹੋ ਗਿਆ, ਜਿਸ ਨਾਲ਼ ਪੰਜਾਬੀ ਦਾ ਹੁਲੀਆ ਵਿਗੜਿਆ। ਇਹ ਇਸੇ ਕਿਤਾਬ ਵਿਚ ਚਾਰ ਅੱਖਰ ਸਿਰਲੇਖ ਹੇਠ ਡਾਕਟਰ ਹਰਜੀਤ ਗਿੱਲ ਦੇ ਕਹਿਣ ਵਾਂਗ ਹੈ, "ਸਮੱਸਿਆ ਸ਼ਬਦਾਂ ਦੀ ਨਹੀਂ, ਸਮੱਸਿਆ ਸਾਡੇ ਕੱਚਘੜ ਵਿਦਵਾਨਾਂ ਦੀ ਏ। ਜੇ ਏਨੇ ਪੇਚੀਦਾ ਫ਼ਲਸਫ਼ੇ ਦੀ ਸਮਝ ਨਹੀਂ ਆਈ, ਤਾਂ ਵਿਆਖਿਆ ਕੀ ਕਰੂ? ਫਿਰ ਮੋਟੇ-ਮੋਟੇ ਸ਼ਬਦਾਂ ਦੀ ਵਰਤੋਂ ਕਰੋ ਨਾ ਆਪ ਨੂੰ ਕੁਝ

ਪਤਾ ਲੱਗਾ, ਨਾ ਹੁਣ ਪੜ੍ਹਨ ਵਾਲ਼ਿਆਂ ਦੇ ਕੁਝ ਪੱਲੇ ਪਊ। ਸਵਾਲ ਇਹ ਨਹੀਂ ਕਿ ਬੋਲੀ ਠੇਠ ਹੈ ਕਿ ਨਹੀਂ। ਬੋਲੀ ਦਾ ਆਪਣੇ-ਆਪ ਵਿੱਚ ਕੋਈ ਵਜੂਦ ਨਹੀਂ ਹੁੰਦਾ। ਹਰ ਬੋਲੀ ਨੇ ਚਿੰਤਨ ਦੇ ਨਾਲ਼-ਨਾਲ਼ ਤੁਰਨਾ ਹੁੰਦਾ ਹੈ। ਜੇ ਚਿੰਤਨ ਈ ਖੋਟਾ ਏ, ਤਾਂ ਬੋਲੀ ਖਰੀ ਕਿਵੇਂ ਹੋ ਸਕਦੀ ਹੈ ?"[5] ਸੰਸਕ੍ਰਿਤ ਸ਼ਬਦਾਵਲੀ ਦੀ ਪਿਰਤ ਪਾਉਣ ਲਈ ਚੰਦਨ 1957 ਈ. ਵਿਚ ਛਪੀ ਸੰਤ ਸਿੰਘ ਸੇਖੋਂ ਦੀ ਸਾਹਿਤ ਆਲੋਚਨਾ ਦੀ ਕਿਤਾਬ 'ਸਾਹਿਤਿਆਰਥ' ਨੂੰ ਕਟਹਿਰੇ ਵਿਚ ਖੜਾ ਕਰਦਾ ਹੈ। ਸੇਖੋਂ ਨੂੰ ਪੰਜਾਬੀ ਦਾ ਸੱਤਿਆਨਾਸ ਕਰਨ ਵਾਲਿਆਂ 'ਚੋਂ ਮੋਹਰੀ ਮੰਨਦਿਆਂ ਉਹ ਲਿਖਦਾ ਹੈ-"ਸੇਖੋਂ ਨੇ ਮਾਂ-ਬੋਲੀ ਨਾਲ ਬੇਪੱਤੀ ਕੀਤੀ। ਇਹਦੀ ਰੀਸੇ ਐੱਮ.ਏ. ਕਰਦਾ ਹਰ ਵਿਦਿਆਰਥੀ ਇਹਦੇ ਵਰਗੀ ਹੀ ਬੋਲੀ ਲਿਖਣ ਲਗ ਪਿਆ ਸੀ। ਹੁਣ ਪੀਐੱਚ. ਡੀ. ਦੀ ਡਿਗਰੀ ਵਾਲ਼ੇ ਕੁਚੱਜਿਆਂ ਦੇ ਇਸ ਟੱਬਰ ਦੀ ਗਿਣਤੀ ਢਾਈ ਹਜ਼ਾਰ ਤੋਂ ਵੱਧ ਹੋ ਗਈ ਹੈ। "[6]

ਚੰਦਨ ਉਦਾਸ ਹੈ ਕਿ ਹੁਣ ਮੋਢੀ ਲਿਖਾਰੀ, ਭਾਸ਼ਾ-ਵਿਗਿਆਨੀ ਤੇ ਪੱਤਰਕਾਰ, ਸ਼ਬਦ ਦੀ ਸਾਧਨਾ ਤੋਂ ਦੂਰ ਹੁੰਦੇ ਜਾ ਰਹੇ ਹਨ, ਜਿਸ ਤੋਂ ਪੈਦਾ ਹੋਏ ਖਲਾਅ ਨੂੰ ਜਾ ਤਾਂ ਭਾਰੇ-ਭਾਰੇ ਸੰਸਕ੍ਰਿਤ ਸ਼ਬਦਾਂ ਨਾਲ ਭਰਦੇ ਹਨ ਜਾਂ ਉੱਕਾ ਹੀ ਓਪਰੇ ਸ਼ਬਦਾਂ ਨਾਲ਼ ਖਾਨਾ-ਪੂਰਤੀ ਕਰ ਲਈ ਜਾਂਦੀ ਹੈ। ਚੰਦਨ ਨੇ ਦੱਸਿਆ ਹੈ ਕਿ ਉਸ ਨੇ ਨਵਾਂ ਜ਼ਮਾਨਾ, ਪ੍ਰੀਤ ਲੜੀ, ਆਰਸੀ, ਸੋਵੀਅਤ ਦੇਸ ਤੇ ਰੂਸੀ ਸਾਹਿਤ ਦੇ ਅਨੁਵਾਦ ਪੜ੍ਹਦਿਆਂ ਪੰਜਾਬੀ ਪੜ੍ਹਨੀ ਤੇ ਲਿਖਣੀ ਸਿੱਖੀ ਪਰ ਅੱਜ ਦੀ ਪੱਤਰਕਾਰੀ ਦਾ ਤਾਂ ਕੋਈ ਰੋਲ ਮਾਡਲ ਹੀ ਨਹੀਂ ਬਚਿਆ। ਫਿਰ ਯੂਨੀਵਰਸਿਟੀਆਂ ਦੇ ਸਾਰੇ ਅਧਿਆਪਕ ਤੇ ਵਿਦਿਆਰਥੀਆਂ, ਪੱਤਰਕਾਰਾਂ ਤੱਕ ਕੁਚੱਜਿਆਂ ਦੀ ਫ਼ੌਜ ਤਿਆਰ ਹੋ ਗਈ। ਚੰਦਨ ਦੀ ਵਾਕ ਬਾਰੇ ਕੀਤੀ ਨਿਸ਼ਾਨਦੇਹੀ ਵਾਜਿਬ ਹੈ ਕਿ ਅੰਗਰੇਜ਼ੀ ਭਾਸ਼ਾ ਦੇ ਅਸਰ ਥੱਲੇ ਸਾਡੇ ਵਾਕ ਦੀ ਸੰਰਚਨਾ ਕਿੰਨੀ ਜ਼ਿਆਦਾ ਓਪਰੀ ਹੋ ਗਈ ਹੈ। ਚੰਦਨ ਨੇ ਸੇਖੋਂ ਦੀ ਰਚਨਾ 'ਉਮਰ ਦਾ ਪੰਧ' ਵਿਚੋਂ ਇਕ ਨਮੂਨਾ ਦੇ ਕੇ ਅੰਗਰੇਜ਼ੀ ਵਾਕ ਦੀ ਨਕਲ ਕਰਦਿਆਂ ਪੰਜਾਬੀ ਦੇ ਵਿਗਾੜੇ ਹੋਏ ਸਰੂਪ ਦੇ ਦਰਸ਼ਨ ਕਰਵਾਏ ਹਨ, "ਉਹ ਇਕ ਮਿਸਟਰ ਬਹਿਲ ਜੋ ਇੱਕ ਬੀਮਾ ਕੰਪਨੀ ਦਾ ਪ੍ਰਬੰਧਕ ਨਿਰਦੇਸ਼ਕ ਸੀ, ਦੇ ਪੁੱਤਰ ਨੂੰ ਟੀਊਸ਼ਨ ਪੜ੍ਹਾਂਦਾ ਸੀ, ਜਿਸ ਉੱਤੇ ਉਸ ਦਾ ਗੁਜ਼ਾਰਾ ਚਲਦਾ ਸੀ। ਇਸ ਦਾ ਠੇਠ ਰੂਪ ਚੰਦਨ ਨੇ ਇਸ ਤਰ੍ਹਾਂ ਦਿੱਤਾ ਹੈ: ਉਹ ਕਿਸੇ ਬੀਮਾ ਕੰਪਨੀ ਦੇ ਵੱਡੇ ਅਫ਼ਸਰ ਬਹਿਲ ਦੇ ਪੁੱਤਰ ਨੂੰ ਟੀਊਸ਼ਨ ਪੜ੍ਹਾਂਦਾ ਸੀ, ਜਿਸ ਨਾਲ ਉਹਦਾ ਗੁਜ਼ਾਰਾ ਚੱਲਦਾ ਸੀ। "[7] ਚੰਦਨ ਨੇ ਅੰਗਰੇਜ਼ੀ ਵਿਆਕਰਨ ਦੇ ਅਸਰ ਹੇਠ ਲੰਮੇ-ਲੰਮੇ ਵਾਕ ਲਿਖਣ ਦੀ ਆਦਤ ਨੂੰ ਵੀ ਭੰਡਿਆ ਹੈ। ਅਜਿਹੀ ਬਹਿਸ ਤੋਂ ਪੰਜਾਬੀ ਦੇ ਅੱਜ ਦੇ ਵਿਦਿਆਰਥੀ, ਖੋਜਾਰਥੀ ਤੇ ਸਾਹਿਤ ਦੇ ਪਾਠਕਾਂ ਨੂੰ ਜ਼ਰੂਰ ਹੀ ਸਹੀ ਸੇਧ ਮਿਲੇਗੀ।

ਉਸ ਅਨੁਸਾਰ ਪੰਜਾਬੀ ਸ਼ਬਦਾਂ ਨੂੰ 'ਸੰਸਕ੍ਰਿਤੌਣ' ਦੀ ਥਾਂ 'ਪੰਜਾਬੀਔਣਾ' ਚਾਹੀਦਾ ਸੀ। ਉਸ ਨੂੰ ਇਤਰਾਜ਼ ਨਹੀਂ ਕਿ ਹੋਰ ਭਾਸ਼ਾਵਾਂ ਦੇ ਸ਼ਬਦ ਲਏ ਜਾਣ। ਇਹ ਤਾਂ ਮਜਬੂਰੀ ਹੈ ਪਰ ਫਿਰਕੂ ਤੁਅੱਸਬ ਨੂੰ ਸਾਹਮਣੇ ਰੱਖ ਕੇ ਸ਼ਬਦਾਂ ਨੂੰ ਅਪਣਾਉਣਾ ਆਪਣੀ ਬੋਲੀ ਦਾ ਘਾਣ ਕਰਨ ਬਰਾਬਰ ਹੈ, ਉਹ ਲਿਖਦਾ ਹੈ "ਹੁਣ ਦੋ ਪੰਜਾਬੀਆਂ ਹੋ ਗਈਆਂ ਹਨ-- ਪੂਰਬੀ ਪੰਜਾਬ

'ਚ ਬੇਲੋੜੇ ਸੰਸਕ੍ਰਿਤ ਸ਼ਬਦਾਂ ਨੇ ਤੇ ਪੱਛਮੀ ਪੰਜਾਬ 'ਚ ਫ਼ਾਰਸੀ-ਅਰਬੀ ਨੇ ਪੰਜਾਬੀ ਦਾ ਰੂਪ ਵਿਗਾੜ ਕੇ ਰੱਖ ਦਿੱਤਾ ਹੈ। ਪੰਜਾਬੀ ਦੀ ਤਰੱਕੀ ਸੰਸਕ੍ਰਿਤ, ਅਰਬੀ, ਫ਼ਾਰਸੀ, ਅੰਗਰੇਜ਼ੀ ਤੇ ਹੋਰਨਾਂ ਬੋਲੀਆਂ ਦੇ ਸ਼ਬਦ ਲਏ ਬਿਨਾ ਨਹੀਂ ਹੋ ਸਕਦੀ; ਸੰਸਕ੍ਰਿਤ ਤਾਂ ਇਹਦੀ ਸਕੀ ਸੋਧਰੀ ਹੈ। ਲੋੜ ਸਾਰੀ ਫਿਰਕੂ ਤੁਅੱਸਬ ਨੂੰ ਲਾਂਭੇ ਰੱਖ ਕੇ ਸਾਵੀਂ ਸਮਝ ਵਰਤਣ ਦੀ ਹੈ। ਜਿਸ ਬੋਲੀ ਦੀਆਂ ਬਾਹਵਾਂ ਜਿੰਨੀਆਂ ਖੁੱਲ੍ਹੀਆਂ ਹੋਣ, ਉਹਦਾ ਸਿਰ ਓਨਾ ਹੀ ਉੱਚਾ ਹੁੰਦਾ ਹੈ। "[8]

ਚੰਦਨ ਇਸ ਗੱਲ ਤੋਂ ਦੁਖੀ ਹੈ ਕਿ ਬੋਲੀਆਂ ਨੂੰ ਧਰਮ ਤੇ ਜ਼ਾਤ ਨਾਲ਼ ਜੋੜ ਕੇ ਪੰਜਾਬੀਆਂ ਨੇ ਆਪਣੇ ਨਾਲ਼, ਆਪਣੀ ਬੋਲੀ ਤੇ ਵਿਰਾਸਤ ਦਾ ਵੀ ਘਾਤ ਕੀਤਾ। ਪੰਜਾਬੀ ਬੋਲੀ ਦੇ ਪੂਰਬੀ ਤੇ ਪੱਛਮੀ ਵਿਦਵਾਨਾਂ/ਪ੍ਰੋਫ਼ੈਸਰਾਂ ਤੋਂ ਆਸ ਕੀਤੀ ਜਾਣੀ ਸੀ ਕਿ ਉਹ ਇਸ ਦਾ ਮੂੰਹ ਮੁਹਾਂਦਰਾ ਸੁਆਰਦੇ, ਇਸ ਦੀਆਂ ਸ਼ਬਦਾਂ ਦੀਆਂ ਲੋੜਾਂ ਪੂਰਦੇ ਪਰ ਉਨ੍ਹਾਂ ਦਾ ਬੋਲੀ ਨੂੰ ਲੈ ਕੇ ਪੈਂਤੜਾ ਜ਼ਹਿਰੀਲਾ ਸੀ। ਪਾਕਿਸਤਾਨੀ ਪੰਜਾਬੀਦਾਨ ਸੰਸਕ੍ਰਿਤ ਸ਼ਬਦਾਵਲੀ ਤੋਂ ਤ੍ਰਹਿੰਦੇ ਸਨ ਤੇ ਭਾਰਤੀ ਪੰਜਾਬੀਦਾਨ ਅਰਬੀ-ਫ਼ਾਰਸੀ ਤੋਂ ਭਾਂਜਵਾਦੀ ਹੋ ਗਏ। ਚੰਦਨ ਲਿਖਦਾ ਹੈ, " ਨੁਕਸਾਨ ਦੋਹਵੀਂ ਪਾਸੀਂ ਹੋਇਆ; ਜਿਹਦਾ ਅਹਿਸਾਸ ਦੋਹਵਾਂ ਨੂੰ ਨਹੀਂ। ਇਹਦਾ ਪ੍ਰਤੱਖ ਪਰਮਾਣ ਅਜੋਕੀ ਪ੍ਰੋਫ਼ੈਸਰੀ ਪੰਜਾਬੀ ਸਾਹਿਤਕ ਆਲੋਚਨਾ ਤੇ ਪੰਜਾਬੀ ਦੇ ਸਭਨਾਂ ਅਖ਼ਬਾਰਾਂ (ਖ਼ਾਸ ਕਰਕੇ ਨਵਾਂ ਜ਼ਮਾਨਾ ਤੇ ਪੰਜਾਬੀ ਟ੍ਰਿਬਿਊਨ) ਤੇ ਟੀ.ਵੀ. ਚੈਨਲਾਂ ਵਿਚ ਵਰਤੀਂਦੀ ਕੁਚੱਜੀ ਪੰਜਾਬੀ ਹੈ।" [9] ਚੰਦਨ ਰਾਸ਼ਟਰੀ ਸਵੈਯਮ ਸੇਵਕ ਸੰਘ ਦਾ ਨਾਂ ਲੈ ਕੇ ਲਿਖਦਾ ਹੈ, " ਉਰਦੂ ਕੱਟੜਪ੍ਰਸਤਾਂ ਨੇ ਮਤਰੂਕ (ਜੋਸ਼ ਦਾ ਵਰਤਿਆ ਸ਼ਬਦ 'ਛੁੱਟੜ', ਤਰਕ ਕੀਤੇ, ਤਿਆਗੇ, ਛੱਡੇ ,ਬਾਹਰ ਕੱਢੇ ਹੋਏ ਸ਼ਬਦ) ਦਾ ਸਿਧਾਂਤ ਘੋਟਿਆ ਸੀ ਕਿ ਉਰਦੂ ਵਿਚ ਸੰਸਕ੍ਰਿਤ ਦੇ ਸਮਾ ਚੁੱਕੇ ਸ਼ਬਦ ਕੱਢ ਦਿੱਤੇ ਜਾਣ। ਨੁਕਸਾਨ ਉਰਦੂ ਦਾ ਹੀ ਹੋਇਆ। ਇਹੀ ਰਵੱਈਆ ਰਾਸ਼ਟਰੀ ਸਵੈਯਮ ਸੇਵਕ ਸੰਘ ਦੇ ਕੱਟੜਪ੍ਰਸਤ ਵਿਦਵਾਨਾਂ ਦਾ ਅਰਬੀ ਫ਼ਾਰਸੀ ਵਲ ਸੀ। ਨੁਕਸਾਨ ਹਿੰਦੀ ਦਾ ਹੋਇਆ। "[10]

ਸੋਹਣ ਸਿੰਘ ਜੋਸ਼ ਉਰਦੂ ਫ਼ਾਰਸੀ ਸ਼ਬਦਾਵਲੀ ਦੇ ਹੱਕ 'ਚ ਸੀ ਤੇ ਸੰਤ ਸਿੰਘ ਸੇਖੋਂ ਸੰਸਕ੍ਰਿਤ ਸ਼ਬਦਾਵਲੀ ਦੇ ਹੱਕ ਵਿੱਚ ਸੀ। ਜੋਸ਼ ਇਸ ਦੀ ਵਜ੍ਹਾ ਵਾਗ੍ਹਾ ਪਾਰ ਦੀ ਪੰਜਾਬੀ ਨਾਲ ਨੇੜਤਾ ਤੇ ਸਾਂਝ ਰੱਖਣਾ ਦੱਸਦਾ ਸੀ ਤੇ ਓਧਰ ਸੇਖੋਂ ਖ਼ੁਦ ਆਪਣੀ ਇਸ ਬਿਰਤੀ ਤੋਂ ਜਾਣੂ ਨਹੀਂ ਸੀ। ਉਹ ਆਪਣਾ ਵੱਖਰਾ ਤਰਕ ਉਸਾਰਦਾ ਹੈ। ਸੇਖੋਂ ਦੇ ਪ੍ਰਤੀਕਰਮ ਨੂੰ ਦੇਖਿਆ ਜਾ ਸਕਦਾ ਹੈ, " ਨਵੇਂ ਸ਼ਬਦ ਪੰਜਾਬੀ ਦੇ ਵਰਤਮਾਨ ਭੰਡਾਰ ਵਿਚਲੇ ਸ਼ਬਦਾਂ ਤੋਂ ਹੀ ਨਹੀਂ ਘੜੇ ਜਾ ਸਕਦੇ। ਇਨ੍ਹਾਂ ਨੂੰ ਘੜਨ ਲਈ ਪੰਜਾਬੀ ਨੂੰ ਕਿਸੇ ਪੁਰਾਤਨ ਭਾਸ਼ਾ ਦੇ ਭੰਡਾਰ ਨੂੰ ਵਰਤਣ ਦੀ ਲੋੜ ਪੈਂਦੀ ਹੈ, ਉਸੇ ਤਰ੍ਹਾਂ ਜਿਵੇਂ ਯੂਰਪੀਨ ਬੋਲੀਆਂ ਨੇ ਪੁਰਾਤਨ ਲਾਤੀਨੀ ਭਾਸ਼ਾ ਵਿਚੋਂ ਲਏ ਹਨ। ਪੰਜਾਬੀ ਇਸ ਤਰ੍ਹਾਂ ਦੇ ਸ਼ਬਦ ਸੰਸਕ੍ਰਿਤ ਤੋਂ ਹੀ ਲੈ ਸਕਦੀ ਹੈ। "[11] ਇਸੇ ਪੰਨੇ 'ਤੇ ਚੰਦਨ ਦੱਸਦਾ ਹੈ ਕਿ ਸੰਸਕ੍ਰਿਤ ਵਲ ਝੁਕਾਅ 19ਵੀਂ ਸਦੀ ਦੇ ਅਖੀਰ 1867 ਵਿਚ ਭਾਈ ਬਿਹਾਰੀ ਲਾਲ ਪੁਰੀ ਦੀ 'ਪੰਜਾਬੀ ਬਯਾਕਰਣ' ਤੇ 20 ਵੀਂ ਸਦੀ ਦੇ ਸ਼ੁਰੂ ਵਿਚ ਭਾਈ ਸੰਤੋਖ ਸਿੰਘ ਤੇ ਪੂਰਨ ਸਿੰਘ ਦੀਆਂ ਲਿਖਤਾਂ ਵਿੱਚ ਸਾਫ਼ ਦਿਸਦਾ ਹੈ। ਸੇਖੋਂ ਨੇ 1989 ਵਿੱਚ ਆਪਣੀ ਸਵੈਜੀਵਨੀ 'ਉਮਰ ਦਾ ਪੰਧ' ਵਿੱਚ ਆਪਣੀ ਸੰਸਕ੍ਰਿਤਾਈ ਪੰਜਾਬੀ ਭਾਸ਼ਾ

ਨਾਲ ਪੰਜਾਬੀ ਦੀ ਸ਼ੈਲੀ ਬਣਾਉਣ ਵਾਲੇ ਮੋਢੀਆਂ ਵਿਚ ਹੋਣ ਕਰਕੇ ਜੇਤੂਆਂ ਵਾਲੀ ਖੁਸ਼ੀ ਜ਼ਾਹਿਰ ਕੀਤੀ ਹੋਈ ਹੈ, ਚੰਦਨ ਇਸ ਨੂੰ ਪ੍ਰੋਫ਼ੈਸਰੀ-ਪੰਜਾਬੀ ਦੀ ਨਵੀਂ ਤੁਰੀ ਰੀਤ ਆਖਦਾ ਹੈ।

ਵੰਡ ਤੋਂ ਪਹਿਲਾਂ ਹੀ ਵਿਦਵਾਨ ਬੋਲੀ ਦਾ ਮੂੰਹ ਮੁਹਾਂਦਰਾ ਬਦਲਣ ਵੱਲ ਲੱਗ ਗਏ ਸਨ, ਪਰ ਵੰਡ ਤੋਂ ਬਾਅਦ ਦੋ ਮੁਲਕਾਂ ਵਿੱਚ ਰੇਖਾਵਾਂ, ਲੋਕਾਂ ਵਿੱਚ ਰੇਖਾਵਾਂ, ਧਰਮਾਂ ਵਿੱਚ ਰੇਖਾਵਾਂ ਦੇ ਨਾਲ-ਨਾਲ ਇੱਕੋ ਇੱਕ ਸਾਂਝੀ ਬੋਲੀ ਵਿੱਚ ਵੀ ਰੇਖਾਵਾਂ ਖਿੱਚੀਆਂ ਜਾ ਚੁੱਕੀਆਂ ਸਨ , ਜਿਸ ਦੀ ਨਿਰਾਸ਼ਾ ਕਾਰਨ ਜ਼ਖ਼ਮੀ ਰੂਹਾਂ ਨੇ ਟੁੱਟਣ 'ਚ, ਭੁੱਲਣ 'ਚ ਹੀ ਭਲਾਈ ਸਮਝੀ ਤੇ ਆਪਣੀ ਸ਼ਬਦਾਵਲੀ ਵਿੱਚ ਅਰਬੀ ਫ਼ਾਰਸੀ ਦੇ ਸ਼ਬਦ ਲਿਆਉਣਾ ਆਪਣੇ ਮੁਲਕ, ਆਪਣੀ ਭਾਸ਼ਾ ਪ੍ਰਤੀ ਗੱਦਾਰੀ ਕਰਨ ਵਾਂਗ ਸਮਝਿਆ ਤੇ ਅਜਿਹੀ ਸੰਸਕ੍ਰਿਤ ਸ਼ਬਦਾਵਲੀ ਰੱਖਣਾ ਵਫ਼ਾਦਾਰੀ ਸਮਝਿਆ। ਆਪਸੀ ਨਫ਼ਰਤਾਂ ਦੇ ਬਦਲੇ ਬੋਲੀਆਂ ਰਾਹੀਂ ਲਏ ਗਏ। ਚੰਦਨ ਨੇ ਦੋਵਾਂ ਪੰਜਾਬਾਂ ਵਿਚਲੀ ਪੰਜਾਬੀ ਦੇ ਨਮੂਨੇ ਦੇ ਕੇ ਇਸ ਪਾੜੇ ਨੂੰ ਸਮਝਾਇਆ ਹੈ ਤੇ ਲਿਖਿਆ ਹੈ, " ਇਸ ਹਵਾਲੇ ਤੋਂ ਚੜ੍ਹਦੀ ਤੇ ਲਹਿੰਦੀ ਅਦਬੀ ਪੰਜਾਬੀ ਵਿਚ ਪੈ ਚੁੱਕੇ ਵੱਡੇ ਪਾੜੇ ਦਾ ਪਤਾ ਚਲਦਾ ਹੈ ਅਤੇ ਇਹ ਵੀ ਕਿਹਾ ਕਿ ਸੰਸਕ੍ਰਿਤ-ਚੜ੍ਹੇ ਸੇਖੋਂਵਾਦੀਆਂ ਦੇ ਜੋੜ ਦੇ ਅਰਬੀ-ਚੜ੍ਹੇ ਪਹਿਲਵਾਨ-ਏ-ਸੁਖ਼ਨ ਲਹਿੰਦੇ ਪੰਜਾਬ ਵਿਚ ਵੀ ਮੌਜੂਦ ਹਨ। "[12] ਚੰਦਨ ਦੇ ਇਸ ਦੁੱਖ ਨੂੰ ਸਪਸ਼ਟ ਕਰਨ ਲਈ ਪੂਰਬੀ ਪੰਜਾਬੀ ਵਿਚੋਂ ਉਨ੍ਹਾਂ ਦਾ ਹੀ ਦਿੱਤਾ ਇਕ ਨਮੂਨਾ ਰੱਖ ਰਹੀ ਹਾਂ, ਪ੍ਰੋਫ਼ੈਸਰ ਗੁਲਵੰਤ ਸਿੰਘ ਦੀਆਂ ਲਿਖੀਆਂ ਸਤਰਾਂ ਹਨ, " ਸਮਸਤ ਯੂਰਪੀ ਸਾਹਿਤ ਵਿਚ ਕੋਈ ਵੀ ਕਵੀ ਐਸਾ ਨਹੀਂ ਜਿਸ ਦੀ ਰਚਨਾ ਸਾਰਥਕ ਵਿਵਿਧਤਾ-ਪੂਰਣ ਵਿਆਖਿਆਨ ਲਈ ਵਰਜਲ ਤੋਂ ਵਧੀਕ ਸਾਮਗ੍ਰੀ ਪ੍ਰਸਤੁਤ ਕਰ ਸਕਦੀ ਹੋਵੇ। ਉਸ ਦੀ ਯਾਦ ਵਿਚ ਇਕ ਸੰਸਥਾ ਪ੍ਰਤੀਸ਼ਠਾਪਿਤ ਕਰਨ ਦਾ ਜਵਾਜ਼ ਇਹੀ ਹੈ ਕਿ ਉਹ ਯੂਰਪ ਦੀਆਂ ਕੇਂਦ੍ਰਗਤ ਕਦਰਾਂ ਦਾ ਪ੍ਰਤਿਨਿਧੀ ਹੈ। "[13] ਅਜਿਹੀ ਉਦਾਹਰਨ ਪੱਛਮੀ ਪੰਜਾਬ ਵਿਚ ਲਿਖੀ ਜਾ ਰਹੀ ਪੰਜਾਬੀ ਵਿਚੋਂ ਵੀ ਚੰਦਨ ਦਿੰਦਾ ਹੈ ਤਾਂ ਜੋ ਦੋਨਾਂ ਪੰਜਾਬਾਂ ਦੇ ਵਿਦਵਾਨ ਇਸ ਬਾਰੇ ਸੋਚਣ ਤੇ ਕੁਝ ਪੰਜਾਬੀ ਉਤੇ ਰਹਿਮ ਕਰਨ। ਸਲੀਮ ਖ਼ਾਂ ਗਿੰਮੀ ਦੀ ਕਿਤਾਬ 'ਪੰਜਾਬੀ ਜ਼ਬਾਨ ਦਾ ਇਰਤਿਕਾ' ਵਿਚੋਂ ਚੰਦਨ ਦੀ ਦਿੱਤੀ ਉਦਾਹਰਨ ਦਰਜ ਕੀਤੀ ਹੈ, " ਲਫ਼ਜ਼ ਦੀ ਹੁਰਮਤ [ਅਰਬੀ. ਇਜ਼ਤ, ਮਰਿਆਦਾ] ਆਪਣੀ ਜਗਾਹ ਤੇ ਲਫ਼ਜ਼ ਦੀ ਸ਼ਖ਼ਸੀਅਤ ਦੀ ਅਪਣੀ ਜਗਾਹ। ਲਫ਼ਜ਼ ਦੀ ਹੁਰਮਤ ਇਬਲਾਗ਼ਿਆਤ [ਅਰਬੀ.ਸੰਚਾਰ] ਦੇ ਇਲਮ ਰਾਹ ਉੱਘੜਦੀ ਹੈ। "[14] ਚੰਦਨ ਫ਼ਿਕਰ ਜਤਾਉਂਦਾ ਹੈ ਕਿ ਪੂਰਬੀ ਪੰਜਾਬ ਵਿਚ ਲਿਖੀ ਜਾ ਰਹੀ ਅਜਿਹੀ ਪੰਜਾਬੀ ਨੂੰ ਪੰਜਾਬ ਤੋਂ ਬਾਹਰ ਪਾਕਿਸਤਾਨ ਅੰਦਰਲੇ ਲੋਕ ਨਹੀਂ ਪੜ੍ਹ ਸਕਣਗੇ। ਪੰਜਾਬੀ ਯੂਨੀਵਰਸਿਟੀਆਂ ਤੇ ਸਰਕਾਰੀ ਨੌਕਰਸ਼ਾਹਾਂ ਉੱਤੇ ਅੰਗਰੇਜ਼ੀ ਦੀ ਡੇਢ ਸਦੀ ਦੀ ਦਹਿਸ਼ਤ ਕਾਰਨ ਪ੍ਰੋਫ਼ੈਸਰ ਤੇ ਪੱਤਰਕਾਰ ਅੰਗਰੇਜ਼ੀ ਤਾਂ ਹਰ ਪੱਖੋਂ ਦਰੁਸਤ ਲਿਖਣ ਦੀ ਵਾਹ ਲਾਉਂਦੇ ਹਨ ਪਰ ਪੰਜਾਬੀ ਲਿਖਦਿਆਂ ਬੇਪਰਵਾਹ ਹੋ ਜਾਂਦੇ ਹਨ। ਇਹੀ ਬੁਰੀ ਗੱਲ ਹੈ ਕਿ ਅੱਖਰ ਪੰਜਾਬੀ ਦੇ, ਤੇ ਵਿਆਕਰਣ, ਸ਼ਬਦਾਵਲੀ, ਮੁਹਾਵਰਾ, ਵਾਕ ਰਚਨਾ ਅੰਗਰੇਜ਼ੀ ਦੀ ਹੁੰਦੀ ਹੈ। ਚੰਦਨ ਕੁਹਜੀ ਪੰਜਾਬੀ ਲਿਖਣ ਨੂੰ ਕੁਕਰਮ ਦੱਸਦਾ ਹੈ ਤੇ ਇਸ ਨਾਲ ਗਿਆਨ/ਵਿਚਾਰ ਗ੍ਰਹਿਣ ਕਰਨ ਦੇ

ਦਰਵਾਜ਼ੇ ਬੰਦ ਹੋ ਜਾਣ ਦਾ ਖ਼ਦਸ਼ਾ ਪ੍ਰਗਟਾਉਂਦਾ ਹੈ। ਉਸ ਦਾ ਦਿਲ ਏਨਾ ਦੁਖੀ ਹੈ ਕਿ ਉਹ ਭਾਵੁਕ ਹੋ ਕੇ ਅਜਿਹੀ ਲੇਖਣੀ ਨੂੰ ਸ਼ਬਦ ਕਾਗਤ ਕਲਮ ਸਿਆਹੀ ਤੇ ਪਾਠਕ ਦੀ ਵੱਡੀ ਤੌਹੀਨ ਆਖਦਾ ਹੈ।

ਚੰਦਨ ਨੂੰ ਇਸ ਗੱਲ ਦਾ ਵੀ ਝੋਰਾ ਹੈ ਕਿ ਪੰਜਾਬੀ ਵਿੱਚ ਦਰਸ਼ਨ ਤੇ ਸਾਇੰਸ ਦੀ ਵਾਰਤਕ ਲਈ ਕੋਈ ਸ਼ਬਦਾਵਲੀ ਨਹੀਂ ਘੜੀ ਗਈ ਤੇ ਨਾ ਹੀ ਸਾਹਿਤ ਆਲੋਚਨਾ ਦੀ ਸ਼ਬਦਾਵਲੀ ਆਮ ਪ੍ਰਚਲਿਤ ਹੋ ਸਕੀ। ਹੋ ਸਕਦਾ ਹੈ ਇਸ ਦਾ ਕਾਰਨ ਆਰਥਿਕ ਹੋਵੇ ਜਿਵੇਂ ਗਰੀਬੀ, ਸੋਸ਼ਣ ਜਾਂ ਸਾਡੀ ਸਾਖਰਤਾ ਦਰ ਵਿਚ ਕਮੀ ਹੋਣਾ ਹੋਵੇ। ਇਥੇ ਮੈਂ ਡਾ. ਪਰਮਜੀਤ ਸਿੱਧੂ ਦੀ ਪੁਸਤਕ ਮਾਨਵ ਵਿਗਿਆਨਕ ਭਾਸ਼ਾ ਵਿਗਿਆਨ ਵਿਚੋਂ ਦੋਭਾਸ਼ਿਕਤਾ ਦੇ ਸੰਬੋਧ ਰਾਹੀਂ ਆਲੋਚਨਾ ਦੀ ਭਾਸ਼ਾ ਤੇ ਆਮ ਬੋਲਚਾਲ ਦੀ ਭਾਸ਼ਾ ਵਿਚਲੇ ਫ਼ਰਕ ਨੂੰ ਸਮਝਣ ਦਾ ਯਤਨ ਕੀਤਾ ਹੈ, ਚਾਰਲਸ ਫਰਗੂਸਨ ਨੇ ਦੋਭਾਸ਼ਿਕਤਾ ਦਾ ਸੰਬੋਧ ਘੜਿਆ ਹੈ, ਅਰਬੀ ਭਾਸ਼ਾ ਦੇ ਪ੍ਰਸੰਗ ਵਿਚ ਉਸ ਦਾ ਅਧਿਐਨ ਹੈ । ਡਾ. ਪਰਮਜੀਤ ਸਿੰਘ ਸਿੱਧੂ ਲਿਖਦੇ ਹਨ, "ਭਾਸ਼ਾ ਸਮੂਹਾਂ ਵਿੱਚ ਦੋ ਤਰ੍ਹਾਂ ਦਾ ਭਾਸ਼ਾਈ ਵਖਰੇਵਾਂ ਮਿਲਦਾ ਹੈ। ਇਹਨਾਂ ਨੂੰ ਸਧਾਰਨ ਵਿਅਕਤੀ ਦੋ ਵੱਖਰੀਆਂ ਭਾਸ਼ਾਵਾਂ ਸਮਝ ਸਕਦਾ ਹੈ। ਇਹਨਾਂ ਵਿੱਚੋਂ ਇੱਕ ਕਿਸਮ ਆਮ, ਸਧਾਰਨ, ਨਿਤ-ਪ੍ਰਤੀ ਵਰਤੋਂ ਵਿੱਚ ਆਉਂਦੀ ਹੈ ਤੇ ਦੂਜੀ ਰਸਮੀ ਸਮਾਗਮਾਂ ਉੱਤੇ ਵਰਤੀ ਜਾਂਦੀ ਹੈ। ਦੋਵਾਂ ਵਿੱਚ ਸਾਰੇ ਪੱਧਰਾਂ 'ਤੇ ਹੀ ਕਾਫੀ ਅੰਤਰ ਹੁੰਦਾ ਹੈ। ਪਹਿਲੀ ਕਿਸਮ ਨੂੰ ਬੱਚਾ ਘਰ ਵਿੱਚੋਂ ਸਿੱਖਦਾ ਹੈ, ਜਦਕਿ ਦੂਜੀ ਸਕੂਲ ਵਿੱਚ ਸਿਖਾਈ ਜਾਂਦੀ ਹੈ। ਫਰਗੂਸਨ ਦੀ ਪਰਿਭਾਸ਼ਾ ਰਾਹੀਂ ਇਹ ਵੀ ਪਤਾ ਲੱਗਦਾ ਹੈ ਕਿ ਇਸ ਵਿੱਚ ਕਾਫੀ ਮਾਤਰਾ ਵਿੱਚ ਆਦਰ ਯੋਗ ਸਾਹਿਤ ਰਚਿਆ ਗਿਆ ਹੁੰਦਾ ਹੈ। ਇਹ ਸਾਹਿਤ ਉਸੇ ਹੀ ਸਮੂਹ ਦੇ ਪੁਰਾਤਨ ਸਾਹਿਤਕਾਰਾਂ ਦਾ ਜਾਂ ਕਿਸੇ ਹੋਰ ਭਾਸ਼ਾ ਸਮੂਹ ਦਾ ਹੋ ਸਕਦਾ ਹੈ। ਇਸ ਨੂੰ ਵਿਦਿਅਕ ਅਦਾਰਿਆਂ ਵਿੱਚ ਰਸਮੀ ਤੌਰ 'ਤੇ ਉਚੇਚ ਨਾਲ ਸਿਖਾਇਆ ਜਾਂਦਾ ਹੈ। ਇਸ ਭਾਸ਼ਾ ਨੂੰ ਸਾਹਿਤ ਰਚਨਾ ਅਤੇ ਰਸਮੀ ਗੱਲਬਾਤ ਲਈ ਵਰਤਿਆ ਜਾਂਦਾ ਹੈ। ਉਸ ਸਮੂਹ ਵਿੱਚ ਕੋਈ ਵੀ ਬੁਲਾਰਾ ਇਸ ਨੂੰ ਸਧਾਰਨ ਗੱਲਬਾਤ ਲਈ ਨਹੀਂ ਵਰਤਦਾ। " ਡਾਕਟਰ ਪਰਮਜੀਤ ਅੱਗੇ ਜਾ ਕੇ ਹੋਰ ਦੱਸਦੇ ਹਨ ਕਿ ਭਾਸ਼ਾ ਦੀ ਇਸ ਵਿਸ਼ੇਸ਼ ਸਥਿਤੀ ਦੇ ਸਮਾਜਿਕ ਕਾਰਨ ਹਨ। ਜਿਹੜੇ ਦੇਸ਼ਾਂ ਵਿੱਚ ਇਹ ਸਥਿਤੀ ਮਿਲਦੀ ਹੈ, ਉੱਥੇ ਬਹੁਤ ਘੱਟ ਪਰਿਵਾਰ ਆਪਣੇ ਬੱਚਿਆਂ ਨੂੰ ਪੜ੍ਹਾ ਲਿਖਾ ਸਕਦੇ ਹਨ। ਨਤੀਜੇ ਵਜੋਂ ਉਹ ਭਾਸ਼ਾ ਦਾ ਘਰੇਲੂ ਉਚਾਰਨ ਹੀ ਸਿੱਖ ਸਕਦੇ ਹਨ। ਉਹਨਾਂ ਦੇ ਮੁਕਾਬਲੇ ਉੱਚੇ ਵਰਗ ਦੇ ਪਰਿਵਾਰ ਦਾ ਬੱਚਾ ਪੜ੍ਹ ਲਿਖਣ ਕਰਕੇ ਇੱਕ ਵੱਖਰੀ ਤਰ੍ਹਾਂ ਦੀ ਭਾਸ਼ਾਈ ਸਮਰੱਥਾ ਹਾਸਿਲ ਕਰ ਲੈਂਦਾ ਹੈ। ਇਸ ਸਥਿਤੀ ਵਾਲੇ ਦੇਸ਼ਾਂ ਵਿੱਚ ਸਮਾਜਿਕ ਅਤੇ ਆਰਥਿਕ ਦਰਜਾ ਬੰਦੀ ਮਿਲਦੀ ਹੈ।"[15] ਬੋਲੀ ਦੇ ਇਕਸਾਰ ਵਿਕਾਸ ਲਈ ਇਸ ਤਰ੍ਹਾਂ ਦੀ ਦਰਜੇਬੰਦੀ ਦਾ ਖੁਰਨਾ ਬਹੁਤ ਜ਼ਰੂਰੀ ਹੈ।

ਹੋਰ ਬੋਲੀਆਂ ਦੀ ਉਦਾਹਰਨ ਦਿੰਦਿਆਂ ਉਹ ਲਿਖਦਾ ਹੈ ਕਿ ਆਪਣੀ ਬੋਲੀ ਲਈ ਫਰਾਂਸੀਸੀ ਤੇ ਬੰਗਾਲੀ ਜਿੰਨਾ ਪਿਆਰ ਹੋਰ ਕਿਤੇ ਨਹੀਂ ਸੁਣਿਆ। ਉਹਨਾਂ ਨੇ ਪੈਰਿਸ ਤੇ ਕਲਕੱਤੇ ਸੁੱਚੀ ਬੋਲੀ ਦੀਆਂ ਸਭਾਵਾਂ ਬਣਾਈਆਂ ਹੋਈਆਂ ਹਨ। ਚੰਦਨ

ਅਜਿਹੀਆਂ ਸਭਾਵਾਂ ਵਰਗੀ ਹੀ ਪੰਜਾਬੀ ਦੇ ਠੇਠ ਮੁਹਾਵਰੇ ਵਾਲੀ ਸਭਾ ਬਣਾਉਣ ਦਾ ਸਵਾਲ ਪਾਉਂਦਾ ਹੈ। ਉਹ ਕਹਿੰਦਾ ਹੈ ਕਿ ਪੰਜਾਬੀ ਲੋਕ ਆਪਣੇ ਵਿਰਸੇ ਦੀ ਮਿੱਠੀ ਜ਼ੁਬਾਨ ਦੇ ਵਾਰਸ ਹੋਣ ਕਰਕੇ ਇਹਨੂੰ ਬਚਾਉਣ ਲਈ ਝੰਡਾ ਬਰਦਾਰ ਬਣਨ, ਕਿਸੇ ਤਰਸ ਕਰਕੇ ਨਹੀਂ।

ਚੰਦਨ ਸ਼ਬਦ ਦੇ ਮੂਲ ਰੂਪ ਨੂੰ ਪਛਾਣਨ, ਉਸ ਦੇ ਚਿੰਤਨ ਤੇ ਉਸ ਦੇ ਬਹੁ ਦਿਸ਼ਾਵੀ ਅਰਥਾਂ ਤੱਕ ਦੀਆਂ ਬਾਰੀਕ ਜਾਣਕਾਰੀਆਂ ਦਾ ਖ਼ਜ਼ਾਨਾ ਹੈ। ਉਸ ਨੇ ਪੰਜਾਬੀ ਬੋਲੀ ਦੀ ਖਸਲਤ, ਸੁਭਾਅ ਤੇ ਮੁਹਾਵਰੇ ਦੇ ਮੇਚ ਦੇ ਹੀ ਨਵੇਂ ਸ਼ਬਦ ਘੜਨ ਦੀ ਗੱਲ ਕੀਤੀ ਹੈ। ਉਸ ਨੂੰ ਅੰਗਰੇਜ਼ੀ ਦੇ Concept, Idealism ਤੇ Culture ਸ਼ਬਦ ਦਾ ਪੰਜਾਬੀ ਅਨੁਵਾਦ ਨਾ ਪਸੰਦ ਹੈ, ਉਹ ਇਨ੍ਹਾਂ ਸ਼ਬਦਾਂ ਲਈ ਢੁਕਵੇਂ ਪੰਜਾਬੀ ਸ਼ਬਦ ਘੜਨ ਦਾ ਉਪਰਾਲ਼ਾ ਕਰਦਾ ਹੈ। Concept ਲਈ ਸੰਬੋਧ ਸ਼ਬਦ ਘੜਿਆ ਹੈ, ਕਿਤਾਬ ਵਿਚ ਕਈ ਥਾਂਈਂ ਵਰਤਿਆ ਵੀ ਹੈ ਤੇ ਮੈਂ ਵੀ ਆਪਣੀ ਲਿਖਤ ਵਿਚ ਇਸ ਨੂੰ ਲਿਆਂਦਾ ਹੈ। Idealism ਸ਼ਬਦ ਲਈ ਦੋ ਪੰਜਾਬੀ ਸ਼ਬਦ ਢੁੱਕਵੇਂ ਹਨ ਇਕ ਆਦਰਸ਼ਵਾਦ ਜੋ ਵੱਡੇ ਨੇਕ ਮਨਸੂਬੇ ਲਈ ਸਹੀ ਹੈ, ਤੇ ਦੂਜਾ ਸ਼ਬਦ ਵਿਚਾਰਵਾਦ ਹੈ ਜੋ ਫ਼ਲਸਫ਼ੇ ਲਈ ਠੀਕ ਹੈ। Culture ਲਈ ਸੱਭਿਆਚਾਰ ਸ਼ਬਦ ਨੂੰ ਉਹ ਖੋਲ੍ਹ ਕੇ ਸਮਝਾਉਂਦਾ ਹੈ ਤੇ ਇਸ ਸ਼ਬਦ ਨੂੰ Culture ਦੇ ਅਨੁਵਾਦ ਲਈ ਰੱਦ ਕਰਦਾ ਹੋਇਆ ਕਲਚਰ ਹੀ ਵਰਤ ਲੈਣਾ ਵੱਧ ਉਚਿਤ ਸਮਝਦਾ ਹੈ ਕਿਉਂਕਿ ਫਿਊਡਲ, ਕੈਪੀਟਲਿਸਟ, ਫਾਸਿਸਟ ਨਿਜ਼ਾਮਾਂ ਦੇ ਹਵਾਲੇ ਨਾਲ ਸੱਭਿਆਚਾਰ ਸ਼ਬਦ ਵਰਤਣਾ ਗ਼ਲਤ ਸਿੱਧ ਹੁੰਦਾ ਹੈ। ਚੰਦਨ ਨੇ ਕਿਸੇ ਨਵੇਂ ਸ਼ਬਦ ਨੂੰ ਘੜਨ ਤੋਂ ਪਹਿਲਾਂ ਬਹੁਤ ਸਾਰੇ ਨੁਕਤਿਆਂ ਨੂੰ ਵਿਚਾਰਨ ਲਈ ਆਖਿਆ ਹੈ ਜਿਵੇਂ ਸ਼ਬਦ ਪ੍ਰਵਾਨ ਹੋਣ ਲਈ ਸ਼ਬਦ ਦੀ ਧੁਨੀ ਕੰਨਾਂ ਨੂੰ ਓਪਰੀ ਤੇ ਹਸਾਉਣੀ ਨਹੀਂ ਲੱਗਣੀ ਚਾਹੀਦੀ, ਸ਼ਬਦ ਸੌਖਿਆਂ ਮੂੰਹ ਤੇ ਚੜ੍ਹਦਾ ਹੋਵੇ, ਸ਼ਬਦ ਬੌਧਿਕ ਤੌਰ ‘ਤੇ ਜੱਚਵਾਂ ਯਾਨੀ ਤਰਕਸ਼ੀਲ ਹੋਵੇ। ਜੋਸ਼ ਦੁਆਰਾ ਘੜੇ ਬਹੁਤ ਸਾਰੇ ਸ਼ਬਦ ਨਾ ਚੱਲ ਸਕੇ ਕਿਉਂਕਿ ਉਪਰੋਕਤ ਨੁਕਤਿਆਂ ਅਨੁਸਾਰ ਨਹੀਂ ਸਨ। ਸ਼ਬਦ ਘੜਨ ਵਿੱਚ ਕੋਈ ਬੁਰਾਈ ਨਹੀਂ ਤੇ ਸ਼ਬਦ ਦੀ ਅੰਤਿਮ ਪ੍ਰਵਾਨਗੀ ਤਾਂ ਲੋਕਾਈ ਨੇ ਹੀ ਦੇਣੀ ਹੈ। ਪਰ ਭਾਸ਼ਾ ਦਾ ਗੁਤਾਵਾ ਇਸ ਦੇ ਮੁਹਾਂਦਰੇ ਨੂੰ ਭ੍ਰਸ਼ਟ ਕਰਦਾ ਹੈ, ਜਿਵੇਂ ਹਿੰਦੀ ਪੰਜਾਬੀ ਦਾ ਗੁਤਾਵਾ ਚੰਦਨ ਪਸੰਦ ਨਹੀਂ ਕਰਦਾ। ਨਵੀਂ ਪੀੜ੍ਹੀ ਪੰਜਾਬੀ ਤੋਂ ਦੂਰ ਹੋ ਰਹੀ ਹੈ। ਇਸ ਪੀੜ੍ਹੀ ਨੂੰ ਬੇਜ਼ੁਬਾਨ ਪੀੜੀ ਕਿਹਾ ਹੈ ਕਿਉਂਕਿ ਨਾ ਇਸ ਨੂੰ ਪੰਜਾਬੀ ਤੇ ਨਾ ਅੰਗਰੇਜ਼ੀ ਤੇ ਨਾ ਹਿੰਦੀ ਆਉਂਦੀ ਹੈ। ਇਸ ਪੀੜ੍ਹੀ ਦਾ ਨਵੇਂ ਮੀਡੀਆ ਦੇ ਯੁੱਗ ਵਿਚ ਸਾਰੀਆਂ ਬੋਲੀਆਂ ਬਾਰੇ ਥੋੜ੍ਹਾ- ਥੋੜ੍ਹਾ ਗਿਆਨ ਲੈ ਕੇ ਹੀ ਸਰ ਜਾਂਦਾ ਹੈ।

ਚੰਦਨ ਨੇ ਵਿਆਕਰਨਕ ਪੱਧਰ ਉਤੇ ਵੀ ਪੰਜਾਬੀ ਭਾਸ਼ਾ ਦੇ ਸੱਤਿਆਨਾਸ ਦੇ ਬਹੁਤ ਸਾਰੇ ਕਾਰਨ ਦੱਸੇ ਹਨ, ਜੋ ਜ਼ਿਆਦਾਤਰ ਅੰਗਰੇਜ਼ੀ ਭਾਸ਼ਾ ਦੇ ਵਿਆਕਰਨ ਦੇ ਅਸਰ ਕਾਰਨ ਹੋਇਆ ਹੈ। ਚੰਦਨ ਨੇ ਡਾ. ਹਰਿਭਜਨ ਸਿੰਘ ਦੇ ਕਥਨ ਰਾਹੀਂ ਇਹ ਸਪਸ਼ਟ ਕੀਤਾ ਹੈ ਕਿ ਕਿਸੇ ਦੂਜੀ ਭਾਸ਼ਾ ਦੇ ਸ਼ਬਦ ਤਾਂ ਲਏ ਜਾ ਸਕਦੇ ਹਨ ਪਰ ਵਿਆਕਰਣ ਉਧਾਰੀ ਨਹੀਂ ਲਈ ਜਾ ਸਕਦੀ, “ਭਾਸ਼ਾ ਦੀ ਪਛਾਣ ਉਹਦੀ ਸ਼ਬਦਾਵਲੀ ਤੋਂ ਨਹੀਂ ਸਗੋਂ ਉਹਦੀ ਵਿਆਕਰਣ ਤੋਂ ਹੁੰਦੀ ਹੈ। ਸ਼ਬਦ ਅਸੀਂ

ਏਧਰੋਂ ਓਧਰੋਂ ਮਾਂਗਵੇ ਵੀ ਲੈ ਸਕਦੇ ਹਾਂ, ਪਰ ਵਿਆਕਰਣ ਉਧਾਰੀ ਨਹੀਂ ਲਈ ਜਾ ਸਕਦੀ"1[16] ਇਸ ਲਈ ਦੂਜੀਆਂ ਭਾਸ਼ਾਵਾਂ ਦੇ ਵਿਆਕਰਨ ਦਾ ਅਸਰ ਲੈਣਾ ਅਪਣੀ ਪਛਾਣ ਗੁਆਉਣ ਬਰਾਬਰ ਹੈ । ਅੱਗੇ ਕੁਝ ਵਿਆਕਰਨ ਪੱਧਰ ਦੇ ਨੁਕਤੇ ਵਿਚਾਰੇ ਗਏ ਹਨ ਜਿਨ੍ਹਾਂ ਵਿਚੋਂ ਬਹੁਤਿਆਂ ਨਾਲ ਮੇਰੀ ਸਹਿਮਤੀ ਨਹੀਂ ਬਣ ਸਕੀ, ਨਿਮਨ ਲਿਖਿਤ ਨੁਕਤਿਆਂ ਵਿਚੋਂ ਪ੍ਰਮੁੱਖ ਹਨ :-

- 19ਵੀਂ ਸਦੀ ਦੇ ਅੱਧ 'ਚ ਬਾਈਬਲ ਦੇ ਪੰਜਾਬੀ ਵਿਚ ਛਪੇ ਉਲੱਥੇ ਨਾਲ਼ ਪੰਜਾਬੀ ਦਾ ਠੇਠ ਸਰੂਪ ਵਿਗੜਨ ਲੱਗਾ ਸੀ। ਚਾਰ-ਪੰਜ ਦਹਾਕਿਆਂ ਵਿਚ ਹੀ ਅੰਗਰੇਜ਼ੀ ਦਾ ਏਨਾ ਅਸਰ ਪਿਆ ਕਿ ਅੰਗਰੇਜ਼ੀ ਭਾਸ਼ਾ ਦੇ ਆਰਟੀਕਲ 'ਏ' 'ਐਨ' ਦੀ ਰੀਸ ਵਿਚ ਵਿਦਵਾਨ, ਲੇਖਕ ਤੇ ਪੱਤਰਕਾਰ ਬਿਨਾ ਲੋੜ *'ਇੱਕ'* ਸ਼ਬਦ ਦੀ ਵਰਤੋਂ ਕਰਨ ਲੱਗੇ। ਭਾਈ ਵੀਰ ਸਿੰਘ, ਅੰਮ੍ਰਿਤਾ ਪ੍ਰੀਤਮ, ਸੇਖੋਂ, ਕਵੀ ਪੂਰਨ ਸਿੰਘ, ਪ੍ਰੋਫੈਸਰ ਪ੍ਰੀਤਮ ਸਿੰਘ ਪਟਿਆਲੇ ਵਾਲੇ ਆਦਿ ਸਾਰਿਆਂ ਨੇ ਇਸ ਦੀ ਅਜਿਹੀ ਵਰਤੋਂ ਕੀਤੀ ਹੈ। ਉਹ ਇਸ ਨੂੰ ਪੋਹਲੀ ਦੱਸਦਾ ਆਖਦਾ ਹੈ,' ਅੰਗਰੇਜ਼ੀ ਆਰਟੀਕਲ 'ਏ' 'ਐਨ' ਦੀ ਰੀਸੇ 'ਇਕ' ਦੀ ਐਸੀ ਪੋਹਲੀ ਉੱਗੀ ਕਿ ਹੁਣ ਇਹਨੂੰ ਪੁੱਟ ਸੁੱਟਣਾ ਬੜਾ ਔਖਾ ਹੈ। "[17] ਚੰਦਨ ਨੇ ਕਈ ਦਿਲਚਸਪ ਨਮੂਨਿਆਂ ਨਾਲ਼ ਆਪਣੀ ਗੱਲ ਸਪਸ਼ਟ ਕੀਤੀ ਹੈ।

-ਕਰਤਰੀਵਾਚ(ਐਕਟਿਵ ਵੌਇਸ) ਦੀ ਥਾਂ ਕਰਮਨੀਵਾਚ (ਪੈਸਿਵ ਵੌਇਸ) ਵਰਤਣ ਦੀ ਆਦਤ ਲਈ ਸੰਤੋਖ ਸਿੰਘ ਧੀਰ ਦੀ ਲਿਖਤ ਵਿਚੋਂ ਨਮੂਨਾ ਦਿੱਤਾ ਹੈ। ਇਸ ਵਿਚ ਗ਼ਲਤੀ ਕਿੱਥੇ ਹੈ, ਇਸ ਬਾਰੇ ਸਪਸ਼ਟ ਨਹੀਂ ਹੈ। ਸਾਡੇ ਵਾਕ ਵਿਚ ਵਾਚ ਦੀ ਸੰਰਚਨਾ ਦੋ ਤਰ੍ਹਾਂ ਦੀ ਹੋ ਸਕਦੀ ਹੈ। ਜੇ ਸੰਤੋਖ ਸਿੰਘ ਧੀਰ ਕਰਮਨੀਵਾਚ ਦਾ ਇਸਤੇਮਾਲ ਜ਼ਿਆਦਾ ਕਰਦਾ ਹੈ ਤਾਂ ਇਹ ਉਸ ਦੀ ਸ਼ੈਲੀ ਹੋ ਸਕਦੀ ਹੈ। ਇਸੇ ਗੱਲ ਬਾਰੇ ਪੰਨਾ 77 'ਤੇ ਲਿਖਿਆ ਹੈ ਕਿ ਪੰਜਾਬੀ ਵਿੱਚ ਆਮ ਕਰਕੇ ਅੰਗਰੇਜ਼ੀ ਵਾਲਾ ਕਰਮਨੀਵਾਚ ਨਹੀਂ ਕਰਤਰੀਵਾਚ ਵਰਤਿਆ ਜਾਂਦਾ ਹੈ। ਕਰਮਨੀਵਾਚ ਮਜਬੂਰੀ ਦੱਸਣ ਲਈ ਵਰਤਿਆ ਜਾਂਦਾ ਹੈ, ਜਿਵੇਂ *ਮੈਥੋਂ ਇਹ ਗਲਤੀ ਹੋ ਗਈ, ਮੈਥੋਂ ਇਹ ਪਾਪ ਨਹੀਂ ਹੁੰਦਾ।* ਪਰ ਇਸ ਗੱਲ ਨਾਲ਼ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਬਹੁਤ ਸਾਰੀਆਂ ਸਥਿਤੀਆਂ ਵਿਚ ਸਾਡੇ ਵਾਕਾਂ ਵਿਚ ਕਰਮਨੀਵਾਚ ਵਰਤਿਆ ਜਾਂਦਾ ਹੈ ਜਿਵੇਂ- *ਥੱਪੜ ਨਾ ਖਾ ਲਵੀਂ ਮੈਥੋਂ* ਇਸੇ ਤਰ੍ਹਾਂ: *ਮੈਂ ਤੈਨੂੰ ਕਿਤਾਬ ਫੜਾਵਾਂਗੀ* ਕਰਤਰੀਵਾਚ ਹੈ ਪਰ ਇਸ ਨੂੰ ਕਰਮਨੀਵਾਚ ਵਿਚ ਵੀ ਵਰਤਿਆ ਜਾਂਦਾ ਹੈ: *ਤੂੰ ਕਿਤਾਬ ਫੜ ਲਵੀਂ ਮੈਥੋਂ* ਆਦਿ ।

ਚੰਦਨ ਨੇ 'ਵੱਲੋਂ' ਤੇ 'ਦੁਆਰਾ' ਸ਼ਬਦ ਦਾ ਵਿਰੋਧ ਪੰਜਾਬੀ ਦੇ ਠੇਠ ਮੁਹਾਵਰੇ ਦੇ ਪ੍ਰਸੰਗ ਵਿਚ ਕੀਤਾ ਹੈ। ਉਸ ਮੁਤਾਬਕ 'ਦੁਆਰਾ' ਸ਼ਬਦ ਅੰਗਰੇਜ਼ੀ ਦੇ 'by' ਦਾ ਕੁਚੱਜਾ ਅਨੁਵਾਦ ਹੈ। ਹਿੰਦੀ ਵਿੱਚ ਵੀ 'ਦੁਆਰਾ' ਵਰਤਿਆ ਜਾਂਦਾ ਹੈ ਪਰ ਪੰਜਾਬੀ ਦਾ ਅਜਿਹਾ ਮੁਹਾਵਰਾ ਨਹੀਂ । ਬਹੁਤ ਸਾਰੇ ਲੇਖਕਾਂ ਦਾ ਨਾਂ ਇਸੇ ਪ੍ਰਸੰਗ ਵਿਚ ਦਿੱਤਾ ਗਿਆ ਹੈ। ਇਹ ਬਿਲਕੁਲ

ਦਰੁਸਤ ਨੁਕਤਾ ਹੈ ਪਰ 'ਵੱਲੋਂ' ਤਾਂ ਸਾਡਾ ਪੰਜਾਬੀ ਦਾ ਸ਼ਬਦ ਹੈ ਤੇ 'ਦੁਆਰਾ' ਦਾ ਸਮਾਨਾਰਥੀ ਹੈ। ਵੱਲ+ਤੋਂ ਦੀ ਸੰਧੀ ਨਾਲ਼ ਇਹ ਸ਼ਬਦ ਬਹੁਤ ਸੋਹਣਾ ਹੈ। ਇਹ ਰਸਮੀ ਵਰਤੋਂ ਲਈ ਬਣਿਆ ਸ਼ਬਦ ਹੈ।

ਇਸੇ ਤਰ੍ਹਾਂ ਉਹ ਆਖਦਾ ਹੈ ਕਿ ਇਕੋ ਵਾਕ ਵਿੱਚ ਇੱਕ ਵਚਨ ਤੇ ਬਹੁਵਚਨ ਅਤੇ ਵੱਖ-ਵੱਖ ਲਿੰਗ ਵਾਲੇ ਨਾਂਵਾਂ ਨਾਲ ਕਿਰਿਆ ਦੀ ਅੰਗਰੇਜ਼ੀ ਵਿਆਕਰਨ ਮੁਤਾਬਕ ਵਰਤੋਂ ਕਰਨਾ ਗ਼ਲਤ ਹੈ। ਇਸ ਨਾਲ਼ ਸਹਿਮਤੀ ਹੈ ਕਿ ਆਖਰੀ ਨਾਂਵ ਦੇ ਵਚਨ ਅਨੁਸਾਰ ਕਿਰਿਆ ਦਾ ਵਚਨ ਬਦਲਦਾ ਹੈ। ਇਸ ਅਧਿਆਇ ਵਿਚ 'ਨਿਡਰਤਾ' ਸ਼ਬਦ ਨੂੰ ਨਾਂਵ ਲਿਖਿਆ ਗਿਆ ਹੈ ਪਰ ਉਸ ਦੀ ਸਥਿਤੀ ਨਾਂਵੀਂ ਵਿਸ਼ੇਸ਼ਣ ਵਾਲੀ ਹੈ।

ਚੰਦਨ ਅਗਾਂਹ ਲਿਖਦਾ ਹੈ ਕਿ ਬੋਲਣ ਦੀਆਂ ਆਮ ਗ਼ਲਤੀਆਂ ਬਾਰੇ ਹਿੰਦੀ ਦੇ ਦੁਆਰਾ ਤੇ ਅੰਗਰੇਜ਼ੀ ਦੇ 'by' ਦੀ ਰੀਸ 'ਔਨ/ ਐਟ' ਦਾ ਅਨੁਵਾਦ ਬਿਨਾ ਸੋਚੇ ਸਮਝੇ ਕਰਨਾ ਗ਼ਲਤ ਹੈ ਜਿਵੇਂ *ਕਹਾਣੀ ਉੱਤੇ ਫਿਲਮ* ਜਾਂ *ਸੁਰਿੰਦਰ ਕੌਰ ਉੱਤੇ ਫਿਲਮ* ਸ਼ਬਦਾਂ ਵਿੱਚ 'ਉੱਤੇ' ਸ਼ਬਦ ਦੀ ਵਰਤੋਂ ਦੇ ਗ਼ਲਤ ਹੋਣ ਬਾਰੇ ਕਿਹਾ ਗਿਆ ਹੈ। ਸਹੀ ਰੂਪ ਚੰਦਨ ਨੇ ਜੋ ਦਿੱਤਾ ਹੈ; *ਸੁਰਿੰਦਰ ਕੌਰ ਦੀ ਫਿਲਮ ਬਣਾਈ ਨਾ ਕਿ ਉਹਦੇ ਉੱਤੇ।* ਇਸ ਵਿੱਚ ਹੋਰ ਵੀ ਸੋਧ ਹੋ ਸਕਦੀ ਹੈ; *ਸੁਰਿੰਦਰ ਕੌਰ ਬਾਰੇ ਫਿਲਮ* ਬਣਾਈ ਵਿਚਾਰਿਆ ਜਾ ਸਕਦਾ ਹੈ।

- ਪੁਰਖੀ ਤੇ ਅਨਯਪੁਰਖੀ ਬੋਲ ਦੀ ਪੰਜਾਬੀ ਵਿਚ ਵਰਤੋਂ ਅੰਗਰੇਜ਼ੀ ਵਾਂਗ 'that' 'ਕਿ' ਲਗਾ ਕੇ ਕਰਤਾ ਤੇ ਕਾਲ ਬਦਲ ਦੇਣਾ ਪੰਜਾਬੀ ਮੁਹਾਵਰਾ ਨਹੀਂ ਹੈ। ਇਹ ਬਿਲਕੁਲ ਸਹੀ ਤਰਕ ਦਰਸਾਇਆ ਗਿਆ ਹੈ । ਸਾਡੀ ਭਾਸ਼ਾ ਵਿਚ ਜਿਵੇਂ ਬੋਲਿਆ ਜਾਂਦਾ ਹੈ ਉਵੇਂ ਹੀ ਤੀਜੇ ਨੂੰ ਦੱਸਿਆ ਜਾਂਦਾ ਹੈ, ਪੁਰਖ ਤੇ ਕਾਲ਼ ਬਦਲੇ ਨਹੀਂ ਜਾਂਦੇ।

- 'ਉਹ' ਦੀ ਥਾਂ 'ਇਹ' ਅਨਯ ਪੁਰਖ ਪੜਨਾਂਵ ਦੀ ਵਰਤੋਂ ਕਰਨ ਬਾਰੇ ਬਹੁਤ ਖ਼ੂਬਸੂਰਤ ਤਰਕ ਦਿੱਤਾ ਹੈ, "ਇਸ ਨਾਲ ਬੰਦਿਆਂ, ਥਾਂਵਾਂ ਤੇ ਸ਼ੈਆਂ ਨਾਲ ਸਾਡੇ ਰਿਸ਼ਤੇ ਦਾ ਪਤਾ ਲੱਗਦਾ ਹੈ। ਇਸ ਦਾ ਭਾਵ ਅਪਣੱਤ ਹੈ ਕਿ ਜਿਸ ਬੰਦੇ ਦੀ ਤੁਸੀਂ ਗੱਲ ਕਰ ਰਹੇ ਹੋ, ਜਾਂ ਹੋ ਰਹੀ ਹੈ; ਉਹ ਤੁਹਾਡੇ ਕੋਲ਼ ਹੁਣ ਦੇ ਵੇਲੇ ਵਰਤਮਾਨ ਵਿੱਚ ਮੌਜੂਦ ਹੈ। 'ਉਹ' ਸ਼ਬਦ ਵਰਤਣ ਵਿੱਚ ਹਰ ਕਿਸਮ ਦੀ ਦੂਰੀ ਭਾਸਦੀ ਹੈ।"[18]

- ਪੰਜਾਬੀ ਬੁਲਾਰੇ ਦੇ ਸੁਭਾਅ ਵਿਚ ਸੰਯੁਕਤ ਅੱਖਰਾਂ ਦੀਆਂ ਧੁਨੀਆਂ ਉਚਾਰਨਾ ਮੁਸ਼ਕਲ ਹੁੰਦਾ ਹੈ, ਜਿਸ ਕਾਰਨ ਵਿਚਕਾਰ ਅ ਸਵਰ ਲਗਾ ਕੇ ਸੰਯੁਕਤੀ ਖੋਲ੍ਹ ਦਿੱਤੀ ਜਾਂਦੀ ਹੈ। -/ਪ/ ਦੇ ਪੈਰ 'ਚ /ਰ/ ਦਾ ਉਚਾਰਨ ਹਰ ਵਾਰ /ਪ੍ਰ/ ਹੀ ਨਹੀਂ ਹੁੰਦਾ ਬਲਕਿ ਬਹੁਤੀ ਵਾਰ ਅਸੀਂ /ਪ/ ਤੇ /ਰ/ ਵਿਚਕਾਰ /ਅ/ ਜੋੜ ਕੇ 'ਪਰ' ਬੋਲਣ ਦੇ ਆਦੀ ਹੋ ਗਏ ਹਾਂ। ਉਦਾਹਰਨ ਲਈ 'ਪ੍ਰਸਾਦ' ਲਿਖਤ ਵਿਚ ਤਾਂ ਹੈ ਜਦਕਿ ਉਚਾਰਨ /ਪਰਸਾਦ/ ਹੀ ਕਰਦੇ ਹਾਂ। ਇਸੇ ਤਰ੍ਹਾਂ /ਪਰਧਾਨ, /ਪਰਬੰਧ/ ਆਦਿ ਦਾ /ਪ/ ਪੈਰੀਂ /ਰ/ ਉਚਾਰਨ ਨਹੀਂ ਹੁੰਦਾ। ਸੰਯੁਕਤੀ ਤੋਂ ਬਿਨਾ ਵੀ ਸੰਯੁਕਤੀ ਵਾਲੇ

'ਪ੍ਰ' ਦਾ ਅਰਥ ਬਣਿਆ ਰਹਿ ਸਕਦਾ ਹੈ,ਇਸ ਲਈ ਹੁਣ ਇਸ ਨੂੰ 'ਪਰ' ਹੀ ਲਿਖ ਲਿਆ ਜਾਂਦਾ ਹੈ ਪਰੰਤੂ ਹਰ ਥਾਂ ਨਹੀਂ।

- 'ਚਾਹੁੰਦੀ ਹਾਂ ਦੀ ਥਾਂ ਚਾਹਵਾਂਗੀ', 'ਤੁਹਾਡਾ ਇਸ ਬਾਰੇ ਕੀ ਖਿਆਲ ਹੈ? ਦੀ ਥਾਂ ਤੁਸੀਂ ਇਸ ਨੂੰ ਕਿਵੇਂ ਲੈਂਦੇ ਹੋ?' ਅੰਗਰੇਜ਼ੀ ਦੇ ਪ੍ਰਭਾਵ ਵਿੱਚ ਇਸ ਤਰ੍ਹਾਂ ਦੇ ਬਹੁਤ ਸਾਰੇ ਵਾਕ ਪੰਜਾਬੀ ਵਿੱਚ ਵਿਗੜ ਗਏ ਹਨ।

-ਸਹੀ ਅੱਖਰਜੋੜ ਵਿੱਚ ਜੋ ਸ਼ਬਦ ਸਮੂਹ ਸਹੀ ਕਰਕੇ ਸ਼ਾਮਿਲ ਕੀਤੇ ਹਨ ਉਹਨਾਂ ਵਿੱਚ ਸਾਰਿਆਂ ਨਾਲ਼ ਸਹਿਮਤੀ ਨਹੀਂ ਬਣ ਸਕਦੀ। 'ਅਜੇਹਾ' ਤੇ 'ਇਜੇਹਾ' ਦੋਵੇਂ ਅੱਖਰਜੋੜ ਪ੍ਰਚਲਿਤ ਨਹੀਂ ਬਲਕਿ 'ਇਜੇਹਾ' ਨੂੰ ਇਹੋ+ਜਿਹਾ ਸੰਧੀ ਵਿਛੇਦ ਕਰਕੇ ਸਹੀ ਦੱਸਿਆ ਹੈ ਪਰ ਪੰਜਾਬੀ ਬੁਲਾਰਾ ਤਾਂ ਮੂਹਰਲੇ ਸਵਰ ਨੂੰ ਹਮੇਸ਼ਾ ਆਪਣੀ ਸਹੂਲਤ ਅਨੁਸਾਰ ਬਦਲਦਾ ਹੈ। 'ਅਜਿਹਾ' ਸ਼ਬਦ ਪ੍ਰਚਲਿਤ ਹੈ ਤੇ ਇਸ ਦਾ ਸੰਧੀ ਵਿਛੇਦ ਆਹ+ਜਿਹਾ ਹੈ। ਇਸੇ ਸੂਚੀ ਵਿਚ 'ਲ' ਦੇ ਪੈਰ ਵਿਚ 'ਹ' ਪਾਉਣ ਦੀ ਲੋੜ ਨਹੀਂ ਸਮਝੀ ਗਈ ਜਦੋਂਕਿ ਪੈਰ ਵਿਚ ਪਿਆ 'ਹ' ਉੱਚੀ ਸੁਰ ਦਾ ਮਾਰਕ ਹੈ ਤੇ ਅਸੀਂ ਜੇਲ੍ਹ, ਜ਼ਿਲ੍ਹਾ ਤੇ ਫੇਲ੍ਹ ਵਿਚ ਉੱਚੀ ਸੁਰ ਬੋਲਦੇ ਹਾਂ। ਇਸੇ ਤਰ੍ਹਾਂ ਉਂਝ, ਇੰਝ, ਕਿੰਝ ਸ਼ਬਦ ਮਾਝੀ ਲਹਿਜੇ ਮੁਤਾਬਕ ਠੀਕ ਹਨ ਜੋ ਉਚੀ ਸੁਰ ਵਾਲੇ ਹਨ, ਕਦੇ ਮਾਝੀ ਉਪਭਾਸ਼ਾ, ਟਕਸਾਲੀ ਪੰਜਾਬੀ ਦਾ ਆਧਾਰ ਰਹੀ ਹੈ।

-ਬੇਲੋੜੇ ਅੱਧਕ ਦਾ ਚਿੰਨ੍ਹ ਪਾ ਕੇ ਜਿਵੇਂ 'ਇੱਕ/ਵਿੱਚ' ਆਦਿ ਲਿਖਣਾ ਗ਼ੈਰਜ਼ਰੂਰੀ ਦੱਸਿਆ ਹੈ। ਲੇਖਕ ਲੱਲੇ ਪੈਰ ਬਿੰਦੀ ਦੇ ਹੱਕ 'ਚ ਹੈ ਪਰ ਅੱਧਕ ਦੇ ਹੱਕ ਚ ਨਹੀਂ ਹੈ। ਚੰਦਨ ਤਰਕ ਦਿੰਦਾ ਹੈ ਕਿ 'ਇਕ' ਤੇ 'ਵਿਚ' ਸ਼ਬਦਾਂ ਵਿਚੋਂ ਅੱਧਕ ਹਟਾਉਣ ਨਾਲ 'ਇਕ' 'ਦੋ' ਨਹੀਂ ਹੋ ਜਾਵੇਗਾ, 'ਇਕ' ਹੀ ਰਹੇਗਾ, ਇਸ ਪੱਖੋਂ ਪੰਜਾਬੀ ਦੇ ਕਿੰਨੇ ਹੀ ਸ਼ਬਦ ਹਨ ਜਿਨ੍ਹਾਂ ਵਿਚੋਂ ਅੱਧਕ ਕੱਢ ਦੇਣ ਨਾਲ਼ ਉਨ੍ਹਾਂ ਦਾ ਅਰਥ ਨਹੀਂ ਬਦਲੇਗਾ। ਦੁੱਤੀਕਰਨ ਪੰਜਾਬੀ ਭਾਸ਼ਾ ਦੀ ਇਕ ਵਿਸ਼ੇਸ਼ਤਾ ਹੈ, ਫਿਰ ਸਾਡੀ ਭਾਸ਼ਾ ਦੀ ਇਸ ਵਿਸ਼ੇਸ਼ਤਾ ਦਾ ਕੀ ਬਣੇਗਾ? ਅੱਧਕ ਵਾਲਾ ਮਸਲਾ ਗ਼ੈਰ ਵਿਗਿਆਨਕ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ।

- ਬਹੁਤ ਖ਼ੂਬਸੂਰਤ ਗੱਲ ਹੈ ਕਿ ਅਸੀਂ ਜਿਹੜੇ ਸ਼ਬਦਾਂ ਨੂੰ ਆ ਅੰਤਕ ਲਗਾ ਕੇ ਵਰਤਦੇ ਹਾਂ, ਉਹ ਭਾਵੇਂ ਇਕਵਚਨ ਹੋਣ ਤਾਂ ਵੀ ਆ ਅੰਤਕ ਏ ਵਿਚ ਬਦਲ ਜਾਂਦਾ ਹੈ ਜਿਵੇਂ ਲੁਧਿਆਣੇ ਗਿਆ ਆਦਿ ਪਰ ਅਜਿਹਾ ਹਿੰਦੀ ਵਿੱਚ ਨਹੀਂ ਹੈ । ਅਜਿਹਾ ਕਰਨ ਨਾਲ਼ ਨਿਰਾਲਾਪਣ ਬਣਿਆ ਰਹੇਗਾ ਪਰ ਜਿੱਥੇ ਕੁੱਤਾ ਨੇ ਕੱਟਿਆ ਵਾਕ ਦੀ ਉਦਾਹਰਣ ਦਿੱਤੀ ਹੈ ਉਸ ਵਾਕ ਵਿਚਲਾ 'ਕੁੱਤਾ' ਸ਼ਬਦ ਹਿੰਦੀ 'ਚ ਵੀ 'ਕੁੱਤੇ' ਹੀ ਹੋ ਜਾਂਦਾ ਹੈ । ਹਿੰਦੀ ਵਿਚ ਸਿਰਫ਼ ਖ਼ਾਸ ਨਾਂਵ ਨੂੰ ਜਿਉਂ ਦਾ ਤਿਉਂ ਰੱਖਣ ਦਾ ਨਿਯਮ ਹੈ ਜਿਵੇਂ ਇੱਜ਼ਤ ਨਾਲ ਲਏ ਜਾਣ ਵਾਲੇ ਸ਼ਬਦ ਬਾਬਾ, ਰਾਜਾ ਆਦਿ। ਇਨਸਾਨੀ ਰਿਸ਼ਤਿਆਂ ਦੇ ਨਾਂ ਜਿਵੇਂ ਚਾਚਾ, ਮਾਮਾ ਵਰਗੇ ਸੰਬੋਧਨੀ ਨਾਂਵਾਂ ਨੂੰ ਵੀ ਨਹੀਂ ਬਦਲਿਆ ਜਾਂਦਾ ਹੈ।

- ਅੰਗਰੇਜ਼ੀ ਵਾਕ ਦੀ ਰੀਸ ਕਰਨ ਬਾਰੇ ਮੇਰੇ ਜ਼ਿਹਨ ਵਿਚ ਇਹ ਤਰਕ ਉਭਰਦਾ ਹੈ ਕਿ ਨਕਲ ਕਰਨਾ ਕਿੰਨਾ ਕੁਦਰਤੀ ਹੈ ਕਿਉਂਕਿ ਆਪਣੇ ਵਿਆਕਰਣ ਦੀ ਸੋਝੀ ਇਸੇ ਭਾਸ਼ਾ ਦੇ ਮਾਹਰ ਵਿਦਵਾਨਾਂ ਤੋਂ ਮਿਲੀ ਸੀ, ਪੰਜਾਬੀ ਲਈ ਪਹਿਲੇ ਪੰਜ ਵਿਆਕਰਨ ਈਸਾਈ ਮਿਸ਼ਨਰੀਆਂ ਦੇ ਅੰਗਰੇਜ਼ ਵਿਦਵਾਨਾਂ ਦੇ ਲਿਖੇ ਹੋਏ ਹਨ। "ਡਾਕਟਰ ਵਿਲਿਅਮ ਕੇਰੀ ਆਪ ਕਦੇ ਵੀ ਪੰਜਾਬ ਦੀ ਧਰਤੀ ਉੱਪਰ ਕਦਮ ਨਾ ਰੱਖ ਸਕਿਆ ਸਗੋਂ ਪੰਜਾਬੀ ਭਾਸ਼ਾ ਉਸਨੇ ਬੰਗਾਲ ਪ੍ਰਦੇਸ਼ ਵਿੱਚ ਰਹਿੰਦਿਆਂ ਹੋਇਆਂ ਕਿਸੇ ਪੰਜਾਬੀ ਪੰਡਿਤ ਪਾਸੋਂ ਸਿੱਖੀ। ਪੰਜਾਬੀ ਭਾਸ਼ਾ ਉੱਪਰ ਭਰੋਸੇ ਯੋਗ ਅਧਿਕਾਰ ਪ੍ਰਾਪਤ ਕਰਨ ਮਗਰੋਂ ਉਸ ਨੇ ਬਾਈਬਲ ਦਾ ਪੰਜਾਬੀ ਵਿੱਚ ਅਨੁਵਾਦ ਆਰੰਭ ਕੀਤਾ। ਇਸੇ ਸਮੇਂ ਹੀ ਉਸ ਨੇ ਪੰਜਾਬੀ ਭਾਸ਼ਾ ਦੇ ਵਿਆਕਰਨ ਦੀ ਅਣਹੋਂਦ ਨੂੰ ਵੀ ਬੁਰੀ ਤਰ੍ਹਾਂ ਅਨੁਭਵ ਕੀਤਾ ਕਿਉਂਕਿ ਵਿਆਕਰਣ ਦੀ ਅਣਹੋਂਦ ਦੀ ਅਵਸਥਾ ਵਿੱਚ ਪੰਜਾਬੀ ਭਾਸ਼ਾ ਸਿੱਖਣ ਸਮੇਂ ਉਸ ਨੂੰ ਜਿਨ੍ਹਾਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਸੀ, ਉਹ ਉਸਨੂੰ ਚੰਗੀ ਤਰ੍ਹਾਂ ਯਾਦ ਸਨ। ਉਸਨੇ ਆਪਣੇ ਉੱਤਰ ਅਧਿਕਾਰੀਆਂ ਦੇ ਲਾਭ ਹਿਤ 1812 ਈਸਵੀ ਵਿੱਚ ਪੰਜਾਬੀ ਦਾ ਪਹਿਲਾ ਵਿਆਕਰਣ 'ਗਰਾਮਰ ਆਫ ਦ ਪੰਜਾਬੀ ਲੈਂਗੁਏਜ' ਲਿਖਿਆ। 1912 ਈਸਵੀ ਵਿੱਚ ਪਾਦਰੀ ਗਰਾਹਮ ਬੇਲੀ ਨੇ ਪੰਜਾਬੀ ਭਾਸ਼ਾ ਦਾ ਚੌਥਾ ਵਿਆਕਰਣ 'ਪੰਜਾਬੀ ਮੈਨੁਅਲ ਐਂਡ ਗਰਾਮਰ' ਪ੍ਰਕਾਸ਼ਿਤ ਕੀਤਾ। ਇਹਨਾਂ ਵਿਆਕਰਣਾਂ ਤੋਂ ਇਲਾਵਾ ਐਫ.ਐਸ. ਤਾਜ ਦੁਆਰਾ ਪਹਿਲੀ ਜਮਾਤ ਦੇ ਬੱਚਿਆਂ ਲਈ ਲਿਖਿਆ ਹੋਇਆ ਇੱਕ ਵਿਆਕਰਣ 'ਫਸਟ ਈਅਰ ਪੰਜਾਬੀ ਕੋਰਸ' ਵੀ ਪ੍ਰਕਾਸ਼ਿਤ ਰੂਪ ਵਿੱਚ ਮਿਲਦਾ ਹੈ। ਇਸ ਉੱਪਰ ਪ੍ਰਕਾਸ਼ਨ ਤਿਥੀ ਨਹੀਂ ਦਿੱਤੀ ਗਈ। ਪੰਜਾਬੀ ਭਾਸ਼ਾ ਦੇ ਸਾਰੇ ਸ਼ਬਦਾਂ ਨੂੰ ਇਕੱਤਰ ਕਰਕੇ ਕੋਸ਼ ਰੂਪ ਵਿੱਚ ਪ੍ਰਕਾਸ਼ਿਤ ਕਰਨ ਦਾ ਵਿਚਾਰ ਵੀ ਸਭ ਤੋਂ ਪਹਿਲਾਂ ਈਸਾਈ ਮਿਸ਼ਨਰੀਆਂ ਨੂੰ ਹੀ ਸੁੱਝਿਆ। "[19] ਤਾਂ ਜਿਹੜੀ ਭਾਸ਼ਾ ਦਾ ਵਿਆਕਰਣ ਅੰਗਰੇਜ਼ੀ ਵਿਚਵਾਨ ਤਿਆਰ ਕਰ ਕੇ ਦੇ ਰਹੇ ਹਨ ਉਨ੍ਹਾਂ ਦੀ ਵਿਆਕਰਨ ਦਾ ਅਸਰ ਪੈਣਾ ਸੁਭਾਵਕ ਹੈ।

ਇਸ ਤੋਂ ਅੱਗੇ ਚੰਦਨ ਦੀ ਕਿਤਾਬ ਵਿਚ ਲਿਪੀ ਬਾਰੇ ਬਹੁਤ ਹੀ ਗੰਭੀਰ ਚਰਚਾ ਵਿਚਾਰ ਚਲਦੀ ਹੈ। 'ਜਿਵੇਂ ਬੋਲੋ ਤਿਵੇਂ ਲਿਖੋ' ਵਾਲੇ ਮੰਤਰਜਾਪ ਨੂੰ ਚੰਦਨ ਰੱਦ ਵੀ ਕਰਦਾ ਹੈ ਤੇ ਮਤ ਰੱਖਦਾ ਹੈ ਕਿ ਹਾਲੇ ਤੱਕ ਦੁਨੀਆ 'ਚ ਅਜਿਹੀ ਕੋਈ ਲਿਪੀ ਈਜਾਦ ਨਹੀਂ ਹੋਈ ਜੋ ਜਿਵੇਂ ਬੋਲੋ ਤਿਵੇਂ ਲਿਖੋ ਦੇ ਕਥਨ 'ਤੇ ਪੂਰੀ ਉਤਰੇ। ਇਨ੍ਹਾਂ ਸਾਰੇ ਨੁਕਤਿਆਂ ਵਾਸਤੇ ਚੰਦਨ ਨੇ ਯੋਗ ਉਦਾਹਰਨਾਂ ਦੇ ਕੇ ਆਪਣਾ ਮਤ ਰਖਿਆ ਹੈ। ਚੰਦਨ ਅਨੁਸਾਰ ਸਹੀ ਪੜ੍ਹਨ ਤੇ ਉਚਾਰਨ ਲਈ ਲੰਮੇ ਅਭਿਆਸ ਦੀ ਲੋੜ ਹੁੰਦੀ ਹੈ। ਪਾਕਿਸਤਾਨੀ ਪੰਜਾਬੀਆਂ ਲਈ ਫ਼ਾਰਸੀ ਲਿਪੀ ਵਿੱਚ ਪੰਜਾਬੀ ਨੂੰ ਲਿਖਣਾ ਤੇ ਪੜ੍ਹਨਾ ਹੋਰ ਵੀ ਔਖਾ ਹੈ ਕਿਉਂਕਿ ਪੰਜਾਬੀ ਦੀ ਥਾਂ ਉਰਦੂ ਪੜ੍ਹਨ ਦਾ ਅਭਿਆਸ ਹੋਣ ਕਾਰਨ ਸ਼ੁੱਧ ਉਚਾਰਨ ਵਿਚ ਮੁਸ਼ਕਲ ਆਉਂਦੀ ਹੈ। ਪਿਆਰਾ ਸਿੰਘ ਪਦਮ ਨੇ ਤਾਂ ਫ਼ਾਰਸੀ ਨੂੰ ਇਕ ਤਰ੍ਹਾਂ ਦੀ ਸਿਕਸ਼ਤਾ ਲਿਪੀ ਹੀ ਆਖ ਦਿੱਤਾ ਹੈ। ਜਿਸ ਲਈ ਲਿਖੇ ਮੂਸਾ ਤੇ ਪੜ੍ਹੇ ਖ਼ੁਦਾ ਦੀ ਕਹਾਵਤ ਚਲ ਪਈ। ਪਾਕਿਸਤਾਨੀ ਸਰਕਾਰ ਨੇ ਹੁਣ ਜਾ ਕੇ ਦਸਵੀਂ ਤੱਕ ਦੀ ਵਿਦਿਆ ਦੇ ਸਿਲੇਬਸ ਵਿੱਚ ਪੰਜਾਬੀ ਭਾਸ਼ਾ ਦੀ ਇਜਾਜ਼ਤ ਦਿੱਤੀ ਹੈ। ਹਰ ਵਾਰ ਪੀੜ੍ਹੀਆਂ ਨੂੰ ਸੁਚੇਤ ਹੋਣਾ ਪੈਂਦਾ ਹੈ। ਕਿਸੇ ਕੱਲੇ ਕਾਰੇ ਦਾ ਇਹ ਕੰਮ ਹੈ ਵੀ ਨਹੀਂ। ਬੋਲੀ ਨੂੰ ਸਰਕਾਰਾਂ ਦਾ ਸਾਥ ਬਹੁਤ ਜ਼ਰੂਰੀ ਹੈ ਤੇ ਵਿਦਿਅਕ ਅਦਾਰਿਆਂ ਦਾ ਹਿੱਸਾ ਬਣੇ ਰਹਿਣ ਤੋਂ ਇਲਾਵਾ

ਇਸ ਦਾ ਸਾਹਿਤ ਤੇ ਫ਼ਲਸਫ਼ਾ ਵਿਸ਼ਵ ਫ਼ਲਸਫ਼ੇ ਦੇ ਮੇਚ ਦਾ ਹੋਣਾ ਚਾਹੀਦਾ ਹੈ। ਇਹੀ ਉਸ ਦੇ ਵਿਕਾਸ ਦਾ ਆਧਾਰ ਹੁੰਦਾ ਹੈ।

ਲਿਪੀ ਚਿੰਨ੍ਹ ਪੈਰ ਵਿਚ ਬਿੰਦੀ ਦੀ ਖੋਜ ਬਾਰੇ ਦਿੱਤੀ ਜਾਣਕਾਰੀ ਨਾਲ਼ ਗਿਆਨ ਵਿਚ ਮੁੱਲਵਾਨ ਵਾਧਾ ਕਰਦੀ ਹੈ। ਮੌਲਾ ਬਖਸ਼ ਕੁਸ਼ਤੇ ਨੇ ਸੰਨ 1903 ਵਿੱਚ ਛਪੀ ਗ਼ਜ਼ਲਾਂ ਦੀ ਕਿਤਾਬ ਦੀਵਾਨ-ਏ-ਕੁਸ਼ਤਾ ਵਿੱਚ ਅਰਬੀ ਫ਼ਾਰਸੀ ਮੂਲ ਦੇ ਅੱਖਰਾਂ ਨੂੰ ਗੁਰਮੁਖੀ ਸ਼ਬਦਾਂ ਵਿਚ ਉਤਾਰਦਿਆਂ ਸ਼ਬਦਾਂ ਦੇ ਪੈਰੀਂ ਬਿੰਦੀਆਂ ਲਾਈਆਂ ਸਨ, ਅਜਿਹਾ ਅੰਦਾਜ਼ਾ ਹੈ। 1850 ਤੋਂ ਬਾਅਦ ਪੰਜਾਬੀ ਅਦਬ ਦੋ ਲਿਪੀਆਂ ਵਿੱਚ ਲਿਖਿਆ ਤੇ ਛਪਦਾ ਰਿਹਾ। 1940 ਦੇ ਨੇੜੇ-ਤੇੜੇ 'ਲ' ਦੇ ਪੈਰ ਵਿਚ ਬਿੰਦੀ ਲਾਉਣ ਦਾ ਸਿਹਰਾ ਸੋਹਨ ਸਿੰਘ ਜੋਸ਼ ਦੇ ਸਿਰ ਬੱਝਦਾ ਹੈ। 1947 ਦੀ ਵੰਡ ਤੋਂ ਬਾਅਦ ਪੰਜਾਬੀ ਦੋ ਲਿਪੀਆਂ, ਦੇਵਨਾਗਰੀ ਤੇ ਗੁਰਮੁਖੀ ਵਿਚ ਲਿਖੇ ਜਾਣ ਦਾ ਸਰਕਾਰੀ ਹੁਕਮ ਸੀ।

ਚੰਦਨ ਨੇ ਪੰਡਤ ਜਵਾਹਰ ਲਾਲ ਨਹਿਰੂ ਦੇ ਲਿਪੀ ਬਾਰੇ ਵਿਚਾਰ ਦਰਜ ਕੀਤੇ ਹਨ, ਜਿਨ੍ਹਾਂ ਦਾ ਨਿਚੋੜ ਇਹ ਹੈ ਕਿ ਕੋਈ ਹੋਰ ਲਿਪੀ ਵਰਤਣ ਨਾਲ ਵੀ ਬੋਲੀ ਨੂੰ ਹਾਨੀ ਪਹੁੰਚਦੀ ਹੈ। ਲਿਪੀ ਸਿਰਫ਼ ਸੰਕੇਤ ਚਿੱਤਰ ਨਹੀਂ ਹੁੰਦੀ ਬਲਕਿ ਸ਼ਬਦ ਚਿੱਤਰ ਵੀ ਹੁੰਦੀ ਹੈ। ਹਰੇਕ ਸ਼ਬਦ ਚਿੱਤਰ ਪਿੱਛੇ ਵੱਖਰਾ ਖ਼ਿਆਲ ਹੁੰਦਾ ਹੈ। ਚੰਦਨ ਨੇ ਆਪਣੇ ਖ਼ਿਆਲਾਂ ਨੂੰ ਗੁੰਦਣ ਲਈ ਭਾਈ ਜੋਧ ਸਿੰਘ ਦੇ 1957 ਵਿਚਲੇ ਲੈਕਚਰ ਨੂੰ ਆਧਾਰ ਬਣਾਇਆ ਹੈ। ਭਾਈ ਜੋਧ ਸਿੰਘ ਨੇ ਕਿਹਾ, " ਲਿਪੀ ਵਿਚ ਤਬਦੀਲੀ ਕਰਨੀ ਉਸ ਬੋਲੀ ਦੀ ਰੂਹ ਨੂੰ ਖਿੱਚ ਲੈਣਾ ਹੈ। "[20]

ਚੰਦਨ ਨੇ ਭਗਤ ਸਿੰਘ ਦੇ ਸੋਲ੍ਹਾਂ ਸਾਲ ਦੀ ਉਮਰ ਵਿਚ ਹਿੰਦੀ ਭਾਸ਼ਾ ਵਿਚ ਲਿਖੇ ਇਕ ਲੇਖ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਭਗਤ ਸਿੰਘ ਨੇ ਗੁਰਮੁਖੀ ਲਿਪੀ ਨੂੰ ਦੂਜੀਆਂ ਲਿਪੀਆਂ ਦੇ ਮੁਕਾਬਲੇ 'ਤੇ ਅਪੂਰਨ ਕਿਹਾ ਹੈ। ਉਸ ਦਾ ਵਿਚਾਰ ਸੀ ਕਿ ਦੂਜੀ ਕਿਸੇ ਲਿਪੀ ਦੇ ਮੁਕਾਬਲੇ ਗੁਰਮੁਖੀ ਲਿਪੀ ਨੂੰ ਸਰਵਾਂਗ-ਸੰਪੂਰਨ ਲਿਪੀ ਕਹਿਣਾ ਅਣਸਾਹਿਤਿਕ ਤੇ ਅਵਿਗਿਆਨਿਕ ਹੈ। ਪੰਜਾਬੀ ਨੂੰ ਦੇਵਨਾਗਰੀ ਲਿਪੀ ਵਿੱਚ ਲਿਖੇ ਜਾਣ ਦੇ ਹੱਕ ਵਿੱਚ ਭਗਤ ਸਿੰਘ ਦੀ ਦਲੀਲ ਦਰਜ ਕੀਤੀ ਹੈ, "ਆਜ਼ਾਦ ਭਾਰਤ ਵਿੱਚ ਇੱਕ ਰਾਸ਼ਟਰ, ਇੱਕ ਭਾਸ਼ਾ, ਇੱਕ ਸਾਹਿਤ,ਇਕ ਲਿਪੀ, ਇਕ ਆਦਰਸ਼ ਬਣਾਉਣ ਵਾਸਤੇ ਇਕ ਭਾਸ਼ਾ ਦਾ ਹੋਣਾ ਜ਼ਰੂਰੀ ਹੈ। ਜੇ ਭਾਸ਼ਾ ਇਕ ਨਾ ਬਣਾ ਸਕੇ ਤਾਂ ਘੱਟੋ-ਘੱਟ ਲਿਪੀ ਤਾਂ ਇਕ ਬਣਾ ਦੇਣੀ ਚਾਹੀਦੀ ਹੈ।"[21] ਉਹ ਹੋਰ ਤਰਕ ਸਿਰਜਦਾ ਹੈ ਕਿ ਪੰਜਾਬੀ ਨੂੰ ਦੇਵਨਾਗਰੀ ਵਿੱਚ ਲਿਖਣ ਨਾਲ ਉਹ ਹਿੰਦੀ ਵਰਗੀ ਹੋ ਜਾਵੇਗੀ ਤੇ ਇਹ ਹਿੰਦੀ ਦੇ ਨੇੜੇ ਆਉਣ ਨਾਲ ਸਾਹਿਤਿਕ ਵੀ ਹੋ ਜਾਵੇਗੀ। ਇਸ ਲਿਪੀ ਦੀ ਅਪੂਰਨਤਾ ਬਾਰੇ ਲਿਖਦਿਆਂ ਉਹ ਆਖਦਾ ਹੈ ਕਿ ਹਲੰਤ ਦਾ ਨਾ ਹੋਣਾ, ਜੁੜਵੇਂ ਅੱਖਰਾਂ ਦੀ ਘਾਟ ਹੋਣਾ ਇਸ ਨੂੰ ਉਰਦੂ ਨਾਲੋਂ ਵੀ ਅਪੂਰਨ ਲਿਪੀ ਬਣਾ ਦਿੰਦੀ ਹੈ ਤੇ ਉਸ ਦਾ ਹਿੰਦੀ ਨੂੰ "ਸਰਵਾਂਗ-ਸੰਪੂਰਣ" ਲਿਪੀ ਕਹਿਣਾ ਉਸ ਦੇ ਅੱਲ੍ਹੜਪੁਣੇ ਨੂੰ ਦਰਸਾਉਂਦੇ ਹਨ । ਬੋਲੀ ਤੇ ਲਿਪੀ ਦੋਵਾਂ ਨੂੰ ਹੀ ਧਾਰਮਿਕ ਰੰਗਤ ਦਿੱਤੀ ਜਾਂਦੀ ਰਹੀ ਹੈ। ਚੰਦਨ ਅਨੁਸਾਰ ਗੁਰਮੁਖੀ ਲਿਪੀ ਨੂੰ ਧਰਮ ਨਾਲ ਜੋੜ ਕੇ ਸਾਰੀ ਸਮੱਸਿਆ ਉਲਝਾ ਦਿੱਤੀ ਗਈ। ਜਦੋਂ ਕਿ ਵਿਦਵਾਨ ਇੱਕ ਗੱਲ ਨਿਖੇੜ ਚੁੱਕੇ ਹਨ ਕਿ ਗੁਰਮੁਖੀ ਦਾ ਵਿਕਾਸ

ਹੁੰਦਿਆਂ ਕਈ ਸਦੀਆਂ ਲੱਗੀਆਂ ਹਨ। ਗੁਰੂਆਂ ਤੋਂ ਵੀ ਬਹੁਤ ਸਮਾਂ ਪਹਿਲਾਂ ਇਸ ਲਿਪੀ ਦੇ ਅੱਖਰ ਹੋਰਨਾਂ ਲਿਪੀਆਂ ਵਿਚ ਮੌਜੂਦ ਸਨ। ਇਸ ਕਿਤਾਬ ਵਿਚ ਲਿਪੀ ਬਾਰੇ ਹੋਰ ਵੀ ਬਹੁਤ ਦੁਰਲੱਭ ਤੱਥ ਤੇ ਆਂਕੜੇ ਸਾਂਝੇ ਕੀਤੇ ਗਏ ਹਨ ।

ਬਿਨਾ ਸ਼ੱਕ ਚੰਦਨ ਨੇ ਬੜੀ ਖੋਜਬੀਨ ਕੀਤੀ ਹੈ ਤੇ ਵੇਰਵੇ ਇਕੱਠੇ ਕੀਤੇ ਹਨ ਤਾਂ ਜੋ ਪੰਜਾਬੀ ਭਾਸ਼ਾ ਦੇ ਬੋਲਣ ਤੇ ਲਿਖਣ ਨਾਲ ਜੁੜੇ ਮਸਲੇ ਦਾ ਹੱਲ ਕੱਢਿਆ ਜਾ ਸਕੇ। ਉਸ ਦੀ ਇਸ ਕਿਤਾਬ ਦਾ ਪੈਟਰਨ ਤੇਜਾ ਸਿੰਘ ਵਰਗਾ ਹੈ, ਉਸ ਨੇ ਵੀ *ਪੰਜਾਬੀ ਕਿਵੇਂ ਲਿਖੀਏ* ਪੁਸਤਕ ਵਿੱਚ ਪੰਜਾਬੀ ਨੂੰ ਕੋਹਝਾ ਬਣਾਉਣ ਵਾਲੀਆਂ ਵਿਦਵਾਨਾਂ ਦੀਆਂ ਸਤਰਾਂ ਦੇ ਨਮੂਨੇ ਦੇ ਕੇ ਮੁੜ ਉਹਨਾਂ ਨੂੰ ਦਰੁਸਤ ਕਰਕੇ ਲਿਖਿਆ ਹੈ। ਇਹ ਬਹੁਤ ਸੋਹਣਾ ਪੈਟਰਨ ਹੈ ਜਿਸ ਤੋਂ ਪਾਠਕ ਤੇ ਖੋਜਾਰਥੀ ਬਹੁਤ ਸਾਰੇ ਨੇਮਾਂ ਤੋਂ ਜਾਣੂ ਹੁੰਦੇ ਹਨ ਤੇ ਕੁਝ ਨਵੇਂ ਨੇਮ ਸਿੱਖ ਕੇ ਉਨ੍ਹਾਂ ਦੀ ਰੀਤ ਤੋਰਦੇ ਹਨ। ਇਸ ਦੇ ਨਿਰੋਲ ਰੂਪ ਦੀ ਥਾਂ ਠੇਠ ਰੂਪ ਨੂੰ ਤੇਜਾ ਸਿੰਘ ਨੇ ਵੀ ਪ੍ਰੋਤਸਾਹਤ ਕੀਤਾ ਹੈ।

ਚੰਦਨ ਮੂਹਰੇ ਪਾਠਕ ਇਹ ਸਵਾਲ ਖੜਾ ਕਰ ਸਕਦਾ ਹੈ ਕਿ ਉਸ ਨੇ ਤੇਜਾ ਸਿੰਘ ਦੀ ਕਿਤਾਬ *ਪੰਜਾਬੀ ਕਿਵੇਂ ਲਿਖੀਏ* ਦੇ ਕਈ ਜਗ੍ਹਾ ਹਵਾਲੇ ਦਿਤੇ ਹਨ, ਫਿਰ ਉਨ੍ਹਾਂ ਦੀ ਠੇਠ ਪੰਜਾਬੀ ਦੀ ਸਥਾਪਨਾ ਨਾਲ ਅਸਹਿਮਤੀ ਬਾਰੇ ਕੋਈ ਟਿੱਪਣੀ ਜਾਂ ਪਾਠਕਾਂ ਲਈ ਕੋਈ ਰਾਇ ਕਿਉਂ ਨਹੀਂ ਦਿੱਤੀ? ਪਾਠਕ ਤਾਂ ਠੇਠ ਪੰਜਾਬੀ ਦੇ ਸਹੀ ਸਰੂਪ ਲਈ ਉਲਝਣ ਵਿਚ ਹੀ ਪਏ ਰਹਿਣਗੇ । ਉਸ ਕਿਤਾਬ ਵਿਚ ਦੱਸਿਆ ਠੇਠ ਪੰਜਾਬੀ ਦਾ ਸਰੂਪ ਚੰਦਨ ਨੇ ਕਿਸ ਆਧਾਰ 'ਤੇ ਰੱਦ ਕੀਤਾ? ਜਿਵੇਂ ਤੇਜਾ ਸਿੰਘ ਲਿਖਦੇ ਹਨ, "ਅੰਗਰੇਜ਼ੀ ਦੇ ਲਿਖਾਰੀ ਨਾਵਲਾਂ ਜਾਂ ਨਟਕਾਂ ਦੇ ਪਾਤਰਾਂ ਦੇ ਮੂੰਹੋਂ 'is' ਦੀ ਥਾਂ 's', 'him' ਦੀ ਥਾਂ ''em', 'it is' ਦੀ ਥਾਂ 'it's', 'examination' ਦੀ ਥਾਂ 'exam' ਆਦਿ ਅਖਵਾ ਲੈਂਦੇ ਹਨ, ਪਰ ਗੰਭੀਰ ਲਿਖਤਾਂ ਵਿਚ ਆਪਣੇ ਵੱਲੋਂ ਏਹੋ ਜਿਹੀਆਂ ਕਾਤਰਾਂ-ਵੇਤਰਾਂ ਨਹੀਂ ਵਰਤਦੇ, ਤਿਵੇਂ ਪੰਜਾਬੀ ਦੀਆਂ ਸਾਊ ਲਿਖਤਾਂ ਵਿਚ ਲਿਖਾਰੀਆਂ ਨੂੰ ਆਪਣੇ ਵੱਲੋਂ ਏਹੋ ਜਿਹੇ ਲੁੰਡ-ਮੁੰਡ ਨਹੀਂ ਵਰਤਣੇ ਚਾਹੀਦੇ: ਇਹਦਾ, ਉਹਦਾ, ਜਿਦ੍ਹਾ, ਕਿਦ੍ਹਾ, ਸਾਹਵੇਂ, ਦੀਹਦਾ, ਕਾਹਦੈ ਆਦਿ। ਏਹਨਾਂ ਦੀ ਥਾਂ ਲਿਖਤ ਵਿਚ ਇਸ ਦਾ, ਉਸ ਦਾ, ਜਿਸ ਦਾ, ਕਿਸ ਦਾ, ਸਾਹਮਣੇ, ਦਿਸਦਾ, ਕਾਸ ਦਾ ਹੈ, ਆਦਿ, ਆਉਣੇ ਚਾਹੀਦੇ ਹਨ। "[22] ਜਦੋਂ ਕਿ ਚੰਦਨ ਦੀ ਲਿਖਤ ਵਿਚ ਉਹਦਾ, ਇਹਦਾ, ਕਾਹਦਾ ਆਦਿ ਸ਼ਬਦਾਂ ਨੂੰ ਹੀ ਮਾਨਤਾ ਦਿੱਤੀ ਗਈ ਹੈ।

ਚੰਦਨ ਸਾਨੂੰ ਕੇਵਲ ਭਾਸ਼ਾ ਨਾਲ਼ ਜੁੜੀ ਤਲਖੀ ਭਰੀ ਚਰਚਾ ਹੀ ਕਰਦਾ ਨਜ਼ਰ ਆਇਆ ਹੈ। ਪਰ ਅੱਧਾ ਭਰਿਆ ਛੰਨਾ ਅਧਿਆਇ ਵਿਚ ਉਸ ਨੇ ਸਾਹਿਤ ਦੇ ਧੁਨੰਤਰਾਂ ਦੀ ਲਿਖਤ ਦੇ ਨਮੂਨੇ ਦਰਜ ਕਰਕੇ ਇਸ ਪੁਸਤਕ ਵਿਚ ਕੁਝ ਰੁਮਾਨੀ ਰੰਗ ਭਰੇ ਹਨ। ਵਾਰਤਕ ਦੀਆਂ ਬੜੀਆਂ ਉਮਦਾ ਟੁਕੜੀਆਂ ਚੁਣੀਆਂ ਹਨ ਕਿ ਪਾਠਕ ਨੂੰ ਉਸ ਰਚਨਾ ਤੱਕ ਪਹੁੰਚਣ ਦੀ ਚੇਟਕ ਲੱਗ ਜਾਵੇ। ਇਹੀ ਤਾਂ ਮਕਸਦ ਹੁੰਦਾ ਹੈ ਕਿਸੇ ਵਿਦਵਾਨ ਦੇ ਭਾਸ਼ਣ ਦਾ ਤੇ ਕਿਸੇ ਕਿਤਾਬ ਦੀ ਅੰਦਰੂਨੀ ਚਰਚਾ ਦਾ ਕਿ ਸਾਨੂੰ ਬਹੁਤ ਸਾਰੀਆਂ ਕਿਤਾਬਾਂ ਤੱਕ ਪਹੁੰਚਾ ਸਕੇ।

ਇਸ ਤੋਂ ਅੱਗੇ ਲੇਖਕ ਨੇ ਪੰਜਾਬੀ ਬੋਲੀ ਦੀ ਜੰਤਰੀ ਸਿਰਲੇਖ ਹੇਠ ਪੰਜਾਬ, ਪੰਜਾਬੀ ਭਾਸ਼ਾ, ਪੰਜਾਬੀ ਪੁਸਤਕਾਂ ਤੇ ਹੋਰ ਵਿਸ਼ੇਸ਼ ਘਟਨਾਵਾਂ ਨੂੰ ਈਸਵੀ ਸਦੀ ਦੇ ਕ੍ਰਮ ਅਨੁਸਾਰ ਦਿੱਤਾ ਹੈ ਜੋ ਕਿ ਮੁੱਲਵਾਨ ਵਾਧਾ ਹੈ। 11ਵੀਂ ਸਦੀ ਤੋਂ ਭਾਵ ਗਜ਼ਨਵੀ

ਦੇ ਰਾਜ ਤੋਂ 1947 ਤੱਕ ਦੇ ਸਮੇਂ ਵਿੱਚ ਸਾਂਝੇ ਪੰਜਾਬ ਬਾਰੇ ਫਿਰ 1947 ਦੇ ਪੂਰਵੀ ਪੰਜਾਬ ਦੇ 2011 ਤੱਕ ਦੇ ਇੰਦਰਾਜ਼ ਹਨ ਤੇ ਪੱਛਮੀ ਪੰਜਾਬ ਦੇ 1947 ਤੋਂ 2020 ਤੱਕ ਦੇ ਇੰਦਰਾਜ਼ ਰਾਹੀਂ ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਜੁੜੇ ਤਮਾਮ ਵਾਕਿਆਤ ਤੇ ਜਾਣਕਾਰੀਆਂ ਆਂਕੜਿਆਂ ਸਮੇਤ ਦਿੱਤੀਆਂ ਹਨ ਜੋ ਬੇਹਦ ਕੀਮਤੀ ਤੇ ਮਹੱਤਵਪੂਰਨ ਹਨ। ਉਪਰੰਤ ਪੰਜਾਬੀ ਬੋਲੀ ਬਾਰੇ 13 ਕੁ ਅਹਿਮ ਕਿਤਾਬਾਂ ਦੀ ਸੂਚੀ ਦਰਜ ਕੀਤੀ ਗਈ ਹੈ। ਅਖੀਰ ਵਿੱਚ ਕੁਝ ਉੱਘੇ ਵਿਦਵਾਨਾਂ ਤੇ ਸਾਹਿਤਕਾਰਾਂ ਦੀਆਂ ਦੁਰਲਭ ਫੋਟੋਆਂ ਸਾਂਝੀਆਂ ਕੀਤੀਆਂ ਗਈਆਂ ਹਨ।

ਚੰਦਨ ਦੀ ਇਸ ਕਿਤਾਬ ਦੀਆਂ ਭਾਸ਼ਾ ਵਿਗਿਆਨਕ ਤਰੁੱਟੀਆਂ ਨੂੰ ਜੇ ਇਕ ਪਾਸੇ ਰੱਖ ਦੇਈਏ ਤਾਂ ਕਿਹਾ ਜਾ ਸਕਦਾ ਕਿ ਇਸ ਵਿਚ ਇਤਿਹਾਸਕ ਤੱਥਾਂ ਦੇ ਬਹੁਗਿਣਤੀ ਇੰਦਰਾਜ ਬੇਸ਼ਕ-ਕੀਮਤੀ ਹਨ ਜਿਹੜੇ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰਨ ਲਈ ਲੋੜੀਂਦੇ ਹਨ। ਪੰਜਾਬੀ ਬੋਲੀ ਬਾਰੇ ਹਰ ਛੋਟੀ ਤੋਂ ਛੋਟੀ ਜਾਣਕਾਰੀ, ਨੁਕਤੇ ਨੂੰ ਸਪਸ਼ਟ ਕਰਨ ਲਈ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ‘ਚੋਂ ਦਿੱਤੇ ਹਵਾਲੇ ਤੇ ਟਿੱਪਣੀਆਂ, ਭਾਸ਼ਾ ਦੀਆਂ ਵੰਨ-ਸੁਵੰਨੀਆਂ ਉਦਾਹਰਨਾਂ ਤੇ ਠੇਠ ਸ਼ੈਲੀ; ਸਾਰਾ ਕੁਝ ਇਸ ਕਿਤਾਬ ਵਿਚ ਆ ਜਾਣ ਨਾਲ਼ ਕਿਤਾਬ ਬਹੁਤ ਦਿਲਚਸਪ ਬਣ ਗਈ ਹੈ। ਇਸ ਕਿਤਾਬ ਦਾ ਗੰਭੀਰ ਅਧਿਐਨ ਹੋਣਾ ਚਾਹੀਦਾ ਹੈ। ਆਸ ਹੈ ਕਿ ਪੰਜਾਬੀ ਦੇ ਮੁਦੱਈਆਂ ਲਈ ਇਹ ਲਾਹੇਵੰਦ ਸਾਬਤ ਹੋਵੇਗੀ।

ਅਖੀਰ ’ਚ ਅਮਰਜੀਤ ਚੰਦਨ ਦੀ ਹੀ ਕਵਿਤਾ ‘ਬਿੰਦੀ’ ਰਾਹੀਂ ਭਾਸ਼ਾ ਦੀ ਪ੍ਰਕ੍ਰਿਤੀ ਨੂੰ ਸਮਝਿਆ ਜਾ ਸਕਦਾ ਹੈ:

ਬਿੰਦੀ ਵਾਲ਼ੀ ਮਿੱਠੇ ਜਿਦ ਕਰਦੀ ਹੈ
ਪਿਆਰੀ ਲਗਦੀ
ਜਦ ਕਹਿੰਦੀ ਹੈ--
ਮੈਂ ਨਾ ਬਿੰਦੀ ਲਾਂਦੀ ਜੱਜੇ ਥੱਲੇ
ਨਾ ਲਿਖਾਂ ਨਾ ਬੋਲਾਂ ਜਿਦ ਨੂੰ ਜ਼ਿਦ
ਸ਼ੁਧ ਉੱਚਾਰਣ ਭਲਾ ਕੀ ਹੁੰਦਾ ਹੈ ਗਿਆਨੀ ਜੀ
ਬੋਲਣ ਦਿਓ ਜਿਵੇਂ ਕੋਈ ਜੀਅ ਵਿਚ ਆਏ ਬੋਲੀ ਜਾਏ

ਬਗੈਰ ਬਿੰਦੀ ਦੇ
ਜੁਲਮ ਜੁਲਮ ਹੀ ਰਹਿੰਦਾ
ਜ਼ੁਲਮ ਬੋਲਿਆਂ ਘਟਦਾ ਨਹੀਂ ਹੈ
ਜੁਲਮ ਬੋਲਿਆਂ ਵਧ ਨਹੀਂ ਜਾਂਦਾ
ਜਾਲਮ ਜੀ

ਜਿਵੇਂ ਬੋਲਣਾ ਤਿਵੇਂ ਲਿਖੀਣਾ

ਕੋਈ ਜ਼ੁਰਮ ਨਹੀਂ ਹੈ
ਜਰਾ ਦੱਸੋ ਤਾਂ ਸਹੀ
ਕੀ ਫਰਕ ਹੈ ਪੈਂਦਾ ਜੇਰ ਜ਼ਬਰ ਦਾ
ਬੋਲੀ ਓਹੀਓ ਹੁੰਦੀ
ਜਿਹਨੂੰ ਲੋਕੀਂ ਬੋਲਣ
ਬਾਲਮ ਜੀ

ਮਿੱਠੇ ਏਦਾਂ ਸਾਰੀ ਜਿਦ ਪੁਗਾ ਲੈਂਦੀ ਹੈ
ਬੋਲਾਂ ਦੀ ਅੱਖਰਾਂ ਦੀ ਸੱਧਰਾਂ ਦੀ[23]

ਅੰਤਿਮ ਫੈਸਲਾ ਲੋਕਮਨ ਦੀ ਅਦਾਲਤ ਨੇ ਕਰਨਾ ਹੁੰਦਾ ਹੈ। ਲੋਕ ਮੁਹਾਵਰੇ ਨੇ ਕਰਨਾ ਹੁੰਦਾ ਹੈ ਤੇ ਲੋਕ ਮਨ ਕਦੇ ਕਿਸੇ ਬਣੇ ਬਣਾਏ ਨਿਯਮ ਵਿੱਚ ਨਹੀਂ ਬੱਝਦਾ, ਬਲਕਿ ਉਸਦੇ ਆਪਣੇ ਹੀ ਨਿਯਮ ਹੁੰਦੇ ਹਨ, ਜੋ ਲੋਕ ਧਰਮ ਦੇ ਪ੍ਰਵਾਹ ਵਾਂਗ ਕੁਦਰਤੀ ਨੇਮਾਂ ਅਨੁਸਾਰ ਬਦਲ ਰਹੇ ਹੁੰਦੇ ਹਨ। ਜੋ ਰੂਹ ਨੂੰ ਲੱਗ ਜਾਵੇ ਲੋਕ ਮਨ ਉਸੇ ਨਾਲ ਹੀ ਜੁੜ ਜਾਂਦਾ ਹੈ, ਉਂਝ ਵੀ ਭਾਸ਼ਾ ਦੀ ਸਾਰਥਕਤਾ ਯੋਗ ਸੰਚਾਰ ਕਰਨਾ ਹੈ ਤੇ ਜੇ ਇਹ ਸੰਚਾਰ ਲੋਕ ਮਨ ਵਿੱਚੋਂ ਨਿਕਲੀਆਂ ਧੁਨਾਂ ਰਾਹੀਂ ਹੋ ਰਿਹਾ ਹੈ ਤਾਂ ਇਸ ਤੋਂ ਵਧੀਆ ਹੋਰ ਕੋਈ ਗੱਲ ਨਹੀਂ ਹੋ ਸਕਦੀ, ਜਾਣ-ਬੁੱਝ ਕੇ ਭਾਸ਼ਾ ਨੂੰ ਵਿਗਾੜਨ ਦਾ ਫੈਸਲਾ ਵੀ ਲੋਕਮਨ ਨੇ ਹੀ ਲੈਣਾ ਹੁੰਦਾ ਹੈ। ਹਾਂ ਪਰ ਤਾੜਨਾ ਕਰਨ ਵਾਲੇ ਨੂੰ ਵੀ ਅਣਦੇਖਿਆ ਨਹੀਂ ਕੀਤਾ ਜਾਂਦਾ ਬਲਕਿ ਵਿਗਾੜ ਨੂੰ ਕੁਝ ਸਮਾਂ ਠੱਲ੍ਹ ਪੈਣ ਦਾ ਸਬੱਬ ਬਣ ਜਾਂਦਾ ਹੈ। ਸੋ ਦੋਵੇਂ ਚੀਜ਼ਾਂ ਇਕੱਠਿਆਂ ਕੰਮ ਕਰਦੀਆਂ ਹਨ, ਬੋਲਚਾਲ ਵਿਚ ਵੀ ਤੇ ਲਿਖਤ ਵਿਚ ਵੀ। "ਡਾਰਵਿਨ ਦੇ ਉਤਪੱਤੀ ਦੇ ਸਿਧਾਂਤ ਤੋਂ ਬਾਅਦ ਕੁਦਰਤ ਦੇ ਨਿਯਮਾਂ ਵਿੱਚ ਕੋਈ ਅਪਵਾਦ ਨਾ ਮੰਨਿਆ ਗਿਆ। ਇਸੇ ਤਰ੍ਹਾਂ ਹੀ ਭਾਸ਼ਾ ਦੇ ਪਰਿਵਰਤਨ ਵੀ ਅਪਵਾਦ ਰਹਿਤ ਮੰਨੇ ਗਏ। ਬੋਲੀ ਇੱਕ ਜਿਉਂਦੀ ਜਾਗਦੀ ਅਪਵਾਦਾਂ ਤੋਂ ਬਿਨਾ ਸਦਾ ਬਦਲਦੀ ਵਸਤੂ ਮੰਨੀ ਗਈ ਹੈ। ਇਹ ਪੌਦਿਆਂ ਤੇ ਪਸ਼ੂਆਂ ਵਾਂਗ ਜੰਮਦੀ, ਵਧਦੀ, ਬੁੱਢੀ ਹੁੰਦੀ ਤੇ ਮਰਦੀ ਮੰਨੀ ਗਈ ਹੈ। ਇਸੇ ਅਵਸਥਾ ਵਿਚ 'ਧੁਨੀ ਪਰਿਵਰਤਨ ਅਪਵਾਦ-ਰਹਿਤ ਹੁੰਦੇ ਹਨ' (Sound changes have no exceptions) [24] ਭਾਸ਼ਾ ਪਰਿਵਰਤਨ ਦੇ ਨੇਮਾਂ ਅਨੁਸਾਰ ਬੋਲਚਾਲ ਦੀ ਭਾਸ਼ਾ ਵਿਚ ਪਰਿਵਰਤਨ ਦੀ ਗਤੀ, ਲਿਖਤ ਭਾਸ਼ਾ ਦੇ ਪਰਿਵਰਤਨ ਨਾਲੋਂ ਹਮੇਸ਼ਾ ਤੇਜ਼ ਹੁੰਦੀ ਹੈ। ਇਸੇ ਲਈ ਲਿਖਤ ਭਾਸ਼ਾ ਨੂੰ ਬੋਲਚਾਲੀ ਭਾਸ਼ਾ ਨਾਲ ਬਹੁਤਾ ਨਹੀਂ ਤਾਂ ਥੋੜਾ ਬਹੁਤ ਕਦਮ ਮਿਲਾ ਕੇ ਤੁਰਨਾ ਪੈਂਦਾ ਹੈ। ਲਿਖਤ ਭਾਸ਼ਾ ਦਾ ਇਤਿਹਾਸ ਹਮੇਸ਼ਾ ਹੀ ਬੋਲਚਾਲ ਦੀ ਭਾਸ਼ਾ ਨਾਲੋਂ ਵੱਖਰਾ ਹੁੰਦਾ ਹੈ।

ਅਮਰਜੀਤ ਚੰਦਨ ਨੇ ਆਪਣੇ ਪਿਤਾ ਗੋਪਾਲ ਸਿੰਘ ਚੰਦਨ ਦੇ ਪੰਜਾਬੀ ਦੁਨੀਆਂ ਦੇ ਸੰਨ 1960 ਦੇ ਅੰਕ ਵਿੱਚ ਛਪੇ ਪਰਚੇ 'ਪੰਜਾਬੀ ਵਿੱਚ 'ਰ' ਦੀ ਪੈਰ ਵਰਤੋਂ' ਵਿਚ ਪਿਤਾ ਦੀ ਆਪਣੇ ਪੁੱਤਰ ਬਾਰੇ ਕੀਤੀ ਭਵਿੱਖਬਾਣੀ ਦਾ ਪ੍ਰਸੰਗ ਦਿੱਤਾ ਹੈ। ਡਾਕਟਰ ਨੇ ਪਿਤਾ ਨੂੰ ਕੁਝ ਮਹੀਨਿਆਂ ਦੇ ਅਮਰਜੀਤ ਨੂੰ ਖਿਡਾਉਣ, ਹਸਾਉਣ ਸਮੇਂ ਸਹੀ ਤੇ ਠੀਕ ਸ਼ਬਦਾਂ ਦਾ ਉਚਾਰਨ ਕਰਨ ਬਾਰੇ ਕਿਹਾ ਸੀ ਤੇ ਸਭ ਨੇ ਉਸ 'ਤੇ ਅਮਲ ਵੀ ਕੀਤਾ ਸੀ। ਪਿਤਾ ਨੇ ਲਿਖਿਆ ਕਿ "...ਅੱਜ ਉਹ ਬੱਚਾ ਅੱਠਵੀਂ ਵਿੱਚ ਪੜ੍ਹਦਾ ਹੈ। ਜੋ ਸ਼ਬਦ ਬੋਲੇਗਾ, ਠੀਕ ਬੋਲੇਗਾ। ਸਗੋਂ ਜੇ ਅਸੀਂ ਕਿਤੇ ਗ਼ਲਤ ਬੋਲੀਏ ਤਾਂ ਸਾਨੂੰ ਠੀਕ ਬੋਲਣ ਲਈ ਇਸ਼ਾਰੇ ਕਰੇਗਾ। "[25] ਇਨ੍ਹਾਂ ਸ਼ਬਦਾਂ ਰਾਹੀਂ ਚੰਦਨ, ਬੱਚੇ ਦੀ ਪਰਵਰਿਸ਼ ਸਮੇਂ ਭਾਸ਼ਾ ਦੇ ਮਹੱਤਵ ਤੇ ਪਰਿਵਾਰ ਨੂੰ ਇਸ ਦੀ ਸੋਝੀ ਹੋਣ ਬਾਰੇ ਦੱਸਦਾ ਹੋਇਆ ਆਪਣੇ ਪਿਤਾ ਦੀ ਭਵਿੱਖਬਾਣੀ ਨੂੰ ਸੱਚ ਕਰਕੇ ਵਿਖਾ ਰਿਹਾ ਹੈ। ਉਸ ਦੀ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਖੇਤਰ ਵਿਚ ਅਣਥੱਕ ਘਾਲਣਾ ਕਾਬਿਲੇ ਤਾਰੀਫ਼ ਹੈ। ਜੋ ਉਸ ਦੇ ਪਾਠਕਾਂ ਨੂੰ ਸਹੀ ਰਾਹ ਫੜਨ ਦੇ ਕਾਬਲ ਬਣਾਉਂਦੀ ਹੈ।

***

ਹਵਾਲੇ

1. ਅਮਰਜੀਤ ਚੰਦਨ, **ਦੁੱਧ ਵਿਚ ਕਾਂਜੀ: ਪੰਜਾਬੀ ਦਾ ਸੱਤਿਆਨਾਸ**, ਸੱਚਲ ਪ੍ਰਕਾਸ਼ਨ, ਅੰਮ੍ਰਿਤਸਰ, 2024, ਪੰਨਾ 9
2. –ਉਹੀ, ਪੰਨਾ 14
3. –ਉਹੀ, ਪੰਨਾ 13
4. –ਉਹੀ, ਪੰਨਾ 15
5. –ਉਹੀ, ਪੰਨਾ 12
6. –ਉਹੀ, ਪੰਨਾ 18
7. –ਉਹੀ, ਪੰਨਾ 67
8. –ਉਹੀ, ਪੰਨਾ 22
9. –ਉਹੀ, ਪੰਨਾ 26
10. –ਉਹੀ, ਪੰਨਾ 28

11. –ਉਹੀ, ਪੰਨਾ 30
12. –ਉਹੀ, ਪੰਨੇ 52-23
13. -ਉਹੀ, ਪੰਨਾ 46
14. -ਉਹੀ, 53
15. ਪਰਮਜੀਤ ਸਿੰਘ ਸਿੱਧੂ, **ਮਾਨਵ ਵਿਗਿਆਨਕ ਭਾਸ਼ਾ ਵਿਗਿਆਨ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨੇ 60-61
16. ਅਮਰਜੀਤ ਚੰਦਨ, ਉਹੀ ਰਚਨਾ, ਪੰਨਾ 63
17. –ਉਹੀ, ਪੰਨਾ 16
18. –ਉਹੀ, ਪੰਨਾ 88
19. ਗੁਰਚਨ ਸਿੰਘ ਅਰਸ਼ੀ, **ਈਸਾਈ ਮਿਸ਼ਨਰੀ: ਪੰਜਾਬੀ ਭਾਸ਼ਾ ਤੇ ਸਾਹਿਤ**, ਆਰਸੀ ਪਬਲਿਸ਼ਰਜ਼, ਦਿੱਲੀ, 2004 ਪੰਨੇ 79-80
20. ਅਮਰਜੀਤ ਚੰਦਨ, ਉਹੀ ਰਚਨਾ, ਪੰਨਾ 35
21. –ਉਹੀ, ਪੰਨਾ 37
22. ਤੇਜਾ ਸਿੰਘ, **ਪੰਜਾਬੀ ਕਿਵੇਂ ਲਿਖੀਏ**, ਹਿੰਦ ਪਬਲਿਸ਼ਰਜ਼, ਜਲੰਧਰ,1957(ਦੂਜੀ ਵਾਰ), ਪੰਨਾ 74
23. –ਉਹੀ, ਪੰਨਾ 105
24. –ਉਹੀ, ਪੰਨਾ 23
25. –ਉਹੀ, ਪੰਨਾ 89